Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 327 21/05/2026 www.samajweekly.com samajweekly @samajweekly samajweekly

# Women Lawyers ਲਈ 30% ਕੋਟੇ ਬਾਰੇ ਕੇਂਦਰ ਤੇ ਸੂਬਿਆਂ ਤੋਂ ਜਵਾਬ ਮੰਗਿਆ

## ਸੁਪਰੀਮ ਕੋਰਟ ’ਚ ਲਾਡਲੀ ਫਾਊਂਡੇਸ਼ਨ ਟਰੱਸਟ ਨੇ ਦਾਇਰ ਕੀਤੀ ਹੈ ਪਟੀਸ਼ਨ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਅੱਜ ਸਰਕਾਰੀ ਪੈਨਲਾਂ ਅਤੇ ਲਾਅ ਅਫਸਰਾਂ ਦੇ ਅਹੁਦਿਆਂ ’ਤੇ ਮਹਿਲਾ ਵਕੀਲਾਂ ਲਈ 30 ਫ਼ੀਸਦੀ ਕੋਟੇ ਦੀ ਮੰਗ ਵਾਲੀ ਪਟੀਸ਼ਨ ’ਤੇ ਸੁਣਵਾਈ ਕੀਤੀ ਅਤੇ ਕੇਂਦਰ, ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ ਜਵਾਬ ਮੰਗਿਆ। ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੌਇਮਾਲਿਆ ਬਾਗਚੀ ਤੇ ਵਿਪੁਲ ਐੱਮ ਪੰਚੋਲੀ ਦੀ ਬੈਂਚ ਨੇ ਸੀਨੀਅਰ ਵਕੀਲ ਅਤੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ (ਐੱਸ ਸੀ ਬੀ ਏ) ਦੇ ਪ੍ਰਧਾਨ ਵਿਕਾਸ ਸਿੰਘ ਦੀਆਂ ਦਲੀਲਾਂ ਸੁਣੀਆਂ ਅਤੇ ਲਾਡਲੀ ਫਾਊਂਡੇਸ਼ਨ ਟਰੱਸਟ ਵੱਲੋਂ ਦਾਇਰ ਲੋਕ ਹਿੱਤ ਪਟੀਸ਼ਨ ’ਤੇ ਕੇਂਦਰ ਅਤੇ ਹੋਰਾਂ ਨੂੰ ਨੋਟਿਸ ਜਾਰੀ ਕੀਤੇ। ਪਟੀਸ਼ਨ ਵਿੱਚ ਕੇਂਦਰ, ਰਾਜ ਸਰਕਾਰਾਂ ਅਤੇ ਜਨਤਕ ਖੇਤਰ ਦੇ ਅਦਾਰਿਆਂ ਨੂੰ ਸੁਪਰੀਮ



ਕੋਰਟ ਪੈਨਲਾਂ ਤੋਂ ਲੈ ਕੇ ਸਥਾਨਕ ਕਾਨੂੰਨੀ ਸਹਾਇਤਾ ਅਥਾਰਟੀਆਂ ਤੱਕ, ਸਾਰੇ ਕਾਨੂੰਨੀ ਪੱਧਰਾਂ ’ਤੇ ਔਰਤਾਂ ਲਈ ਘੱਟੋ-ਘੱਟ 30 ਫ਼ੀਸਦੀ ਕੋਟਾ ਲਾਗੂ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਵਿਕਾਸ ਸਿੰਘ ਨੇ ਕਿਹਾ ਕਿ ਇਹ ਪਟੀਸ਼ਨ ਕਾਨੂੰਨੀ ਪੇਸ਼ੇ ਵਿੱਚ ਮਹਿਲਾ ਵਕੀਲਾਂ ਦੀ ਸਥਿਤੀ ਅਤੇ ਪ੍ਰਤੀਨਿਧਤਾ ਬਾਰੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਵੱਲੋਂ ਕੀਤੇ ਗਏ ਇੱਕ ਸਰਵੇਖਣ ਤੋਂ ਬਾਅਦ ਦਾਇਰ ਕੀਤੀ ਗਈ ਹੈ। ਸੀਨੀਅਰ ਵਕੀਲ ਨੇ ਕਿਹਾ, ‘‘ਉਨ੍ਹਾਂ ਨੂੰ ਸਰਕਾਰੀ ਪੈਨਲਾਂ ਵਿੱਚ ਸ਼ਾਮਲ ਕੀਤੇ ਜਾਣ ਦੀ ਲੋੜ ਹੈ।’’ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ ਇਲਾਵਾ ਪਟੀਸ਼ਨ ਵਿੱਚ ਕਾਨੂੰਨ ਮੰਤਰਾਲੇ ਅਤੇ ਜਨਤਕ ਉਦਮ ਵਿਭਾਗ ਨੂੰ ਵੀ ਧਿਰ ਬਣਾਇਆ ਗਿਆ ਹੈ।

# ਪੰਜਾਬ ਨਗਰ ਨਿਗਮ ਚੋਣਾਂ 2026: EVM ਬਨਾਮ ਬੈਲਟ ਪੇਪਰ ਵਿਵਾਦ 'ਚ ਹਾਈਕੋਰਟ ਨੇ ਫੈਸਲਾ ਰੱਖਿਆ ਸੁਰੱਖਿਅਤ

**ਚੰਡੀਗੜ੍ਹ** : ਪੰਜਾਬ ਵਿੱਚ 26 ਮਈ ਨੂੰ ਹੋਣ ਜਾ ਰਹੀਆਂ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਚੋਣਾਂ ਵਿੱਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (EVM) ਦੀ ਬਜਾਏ ਬੈਲਟ ਪੇਪਰ ਪ੍ਰਣਾਲੀ ਅਪਣਾਉਣ ਦੇ ਫੈਸਲੇ ਖ਼ਿਲਾਫ਼ ਦਾਇਰ ਜਨਹਿਤ ਪਟੀਸ਼ਨ (PIL) 'ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਅੱਜ ਸੁਣਵਾਈ ਪੂਰੀ ਕਰਦਿਆਂ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਹੈ। ਇਸ ਮਾਮਲੇ ਵਿੱਚ ਭਾਰਤੀ ਚੋਣ ਕਮਿਸ਼ਨ (ECI) ਅਤੇ ਪੰਜਾਬ ਰਾਜ ਚੋਣ ਕਮਿਸ਼ਨ ਦੇ ਜਵਾਬਾਂ ਤੋਂ ਬਾਅਦ ਹੁਣ ਸਾਰਿਆਂ ਦੀਆਂ ਨਜ਼ਰਾਂ ਹਾਈਕੋਰਟ ਦੇ ਆਖਰੀ ਫੈਸਲੇ 'ਤੇ ਟਿਕੀਆਂ ਹੋਈਆਂ ਹਨ, ਜੋ 26 ਮਈ ਦੀਆਂ ਚੋਣਾਂ ਦੀ ਕਿਸਮਤ ਤੈਅ ਕਰੇਗਾ। ਭਾਰਤੀ ਚੋਣ ਕਮਿਸ਼ਨ ਨੇ ਅੱਜ ਅਦਾਲਤ ਵਿੱਚ ਆਪਣਾ ਹਲਫ਼ਨਾਮਾ (Afifdaivt) ਦਾਇਰ ਕਰਦਿਆਂ ਇੱਕ ਅਹਿਮ ਖੁਲਾਸਾ ਕੀਤਾ। ਓਛੀ ਨੇ ਕਿਹਾ ਕਿ ਜੇਕਰ ਲੋੜ ਪੈਂਦੀ ਹੈ ਤਾਂ ਉਹ ਪੰਜਾਬ ਰਾਜ ਨੂੰ ਸਿਰਫ਼ ਦੋ ਦਿਨਾਂ ਦੇ ਅੰਦਰ-ਅੰਦਰ ਓੜੰ ਮਸ਼ੀਨਾਂ ਮੁਹੱਈਆ ਕਰਵਾ ਸਕਦਾ ਹੈ, ਕਿਉਂਕਿ ਗੁਆਂਢੀ ਰਾਜ ਰਾਜਸਥਾਨ ਵਿੱਚ ਇਸ ਵੇਲੇ ਲੋੜੀਂਦੀਆਂ ਓੜੰ ਮਸ਼ੀਨਾਂ ਉਪਲਬਧ ਹਨ।

ਜ਼ਿਕਰਯੋਗ ਹੈ ਕਿ ਪਿਛਲੀ ਸੁਣਵਾਈ ਦੌਰਾਨ ਪੰਜਾਬ ਰਾਜ ਚੋਣ ਕਮਿਸ਼ਨ ਨੇ ਅਦਾਲਤ ਨੂੰ ਦੱਸਿਆ ਸੀ ਕਿ ਕਿਉਂਕਿ ਚੋਣਾਂ 26 ਮਈ ਨੂੰ ਹੋਣੀਆਂ ਤੈਅ ਹੋ ਚੁੱਕੀਆਂ ਹਨ, ਇਸ ਲਈ ਇੰਨੇ ਘੱਟ ਸਮੇਂ (ਸ਼ਾਰਟ ਨੋਟਿਸ) ਵਿੱਚ ਓੜੰ ਮਸ਼ੀਨਾਂ ਦਾ ਪ੍ਰਬੰਧ ਕਰਨਾ ਅਤੇ ਚੋਣ ਅਮਲੇ ਨੂੰ ਤਿਆਰ ਕਰਨਾ ਸੰਭਵ ਨਹੀਂ ਹੈ । ਇਸੇ ਕਾਰਨ 12 ਮਈ 2026 ਨੂੰ ਬੈਲਟ ਪੇਪਰਾਂ ਰਾਹੀਂ ਵੋਟਿੰਗ ਕਰਵਾਉਣ ਦਾ ਪ੍ਰਸ਼ਾਸਨਿਕ ਮੈਮੋ ਜਾਰੀ ਕੀਤਾ ਗਿਆ ਸੀ।

ਮੋਹਾਲੀ ਦੀ ਸਮਾਜ ਸੇਵਕ ਰੁਚਿਤਾ ਗਰਗ ਵੱਲੋਂ ਐਡਵੋਕੇਟ ਹਰਨੀਤ ਸਿੰਘ ਓਬਰਾਏ ਅਤੇ ਕੇਤਨ ਗਰਗ ਰਾਹੀਂ ਦਾਇਰ ਇਸ ਪਟੀਸ਼ਨ ਵਿੱਚ ਰਾਜ ਚੋਣ ਕਮਿਸ਼ਨ ਦੀਆਂ ਤਿਆਰੀਆਂ ਦੀ ਪੋਲ ਖੋਲ੍ਹੀ ਗਈ ਹੈ। ਪਟੀਸ਼ਨ ਵਿੱਚ ਅਧਿਕਾਰਤ ਦਸਤਾਵੇਜ਼ਾਂ ਦਾ ਹਵਾਲਾ




ਦੇ ਕੇ ਦੱਸਿਆ ਗਿਆ ਕਿ ਪੰਜਾਬ ਦੇ ਚਾਰ ਪ੍ਰਮੁੱਖ ਜ਼ਿਲ੍ਹਿਆਂ ਬਰਨਾਲਾ, ਫਾਜ਼ਿਲਕਾ, ਪਠਾਨਕੋਟ ਅਤੇ ਤਰਨ ਤਾਰਨ ਵਿੱਚ ਚੋਣਾਂ ਕਰਵਾਉਣ ਲਈ ਇੱਕ ਵੀ ਬੈਲਟ ਬਾਕਸ ਮੌਜੂਦ ਨਹੀਂ ਹੈ। ਕਮਿਸ਼ਨ ਆਖਰੀ ਮੌਕੇ ਦੂਜੇ ਜ਼ਿਲ੍ਹਿਆਂ ਤੋਂ ਬੈਲਟ ਬਾਕਸ ਮੰਗਵਾਉਣ ਦੀ ਗੱਲ ਕਰ ਰਹੀ ਹੈ, ਜੋ ਪ੍ਰਸ਼ਾਸਨ ਦੀ ਅਧੂਰੀ ਤਿਆਰੀ ਨੂੰ ਸਪੱਸ਼ਟ ਕਰਦਾ ਹੈ।ਪਟੀਸ਼ਨਕਰਤਾ ਅਨੁਸਾਰ ਇਹ ਫੈਸਲਾ ਸੁਪਰੀਮ ਕੋਰਟ ਦੇ 'ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (2024)' ਅਤੇ 'ਡਾ. ਸੁਬਰਾਮਨੀਅਨ ਸਵਾਮੀ' ਮਾਮਲਿਆਂ ਦੇ ਉਲਟ ਹੈ, ਜਿੱਥੇ ਓੜੰ-ੜੜਫਅਠ ਨੂੰ ਨਿਰਪੱਖ ਚੋਣਾਂ ਲਈ ਜ਼ਰੂਰੀ ਦੱਸਿਆ ਗਿਆ ਹੈ ਅਤੇ ਬੈਲਟ ਪੇਪਰ ਪ੍ਰਣਾਲੀ ਵੱਲ ਵਾਪਸ ਜਾਣ ਨੂੰ ਪਿਛਾਂਹਖਿੱਚੂ ਕਦਮ ਦੱਸਿਆ ਗਿਆ ਹੈ। ਪਟੀਸ਼ਨ ਵਿੱਚ ਨਾਕੋਦਰ ਵਿਖੇ ਬੈਲਟ ਬਾਕਸ ਖੋਹਣ ਅਤੇ ਪਟਿਆਲਾ ਵਿਖੇ ਚੋਣਾਂ ਦੌਰਾਨ ਹੋਈ ਕਥਿਤ ਦਖ਼ਲਅੰਦਾਜ਼ੀ (ਜਿਸ ਦੀ ਜਾਂਚ ਹਾਈਕੋਰਟ ਨੇ CFSL ਚੰਡੀਗੜ੍ਹ ਨੂੰ ਸੌਂਪੀ ਸੀ) ਸਮੇਤ ਪਿਛਲੀਆਂ ਹਿੰਸਕ ਘਟਨਾਵਾਂ ਦਾ ਜ਼ਿਕਰ ਕਰਦਿਆਂ ਬੈਲਟ ਪੇਪਰ ਪ੍ਰਣਾਲੀ ਨੂੰ ਅਸੁਰੱਖਿਅਤ ਦੱਸਿਆ ਗਿਆ ਹੈ।

ਪਟੀਸ਼ਨਕਰਤਾ ਨੇ ਮੰਗ ਕੀਤੀ ਹੈ ਕਿ 12 ਮਈ ਦੇ ਬੈਲਟ ਪੇਪਰ ਵਾਲੇ ਹੁਕਮਾਂ ਨੂੰ ਰੱਦ (Quash) ਕੀਤਾ ਜਾਵੇ, ਚੋਣਾਂ ਸਿਰਫ਼ EVM/VVPAT ਰਾਹੀਂ ਕਰਵਾਈਆਂ ਜਾਣ ਅਤੇ ਫੈਸਲਾ ਆਉਣ ਤੱਕ ਚੋਣ ਪ੍ਰਕਿਰਿਆ 'ਤੇ ਤੁਰੰਤ ਰੋਕ ਲਗਾਈ ਜਾਵੇ। ਅਦਾਲਤ ਨੇ ਦੋਵਾਂ ਧਿਰਾਂ ਨੂੰ ਸੁਣਨ ਤੋਂ ਬਾਅਦ ਫੈਸਲਾ ਰਾਖਵਾਂ ਰੱਖ ਲਿਆ ਹੈ, ਜਿਸ ਦਾ ਅਸਰ 26 ਮਈ ਨੂੰ ਹੋਣ ਵਾਲੀਆਂ ਸਥਾਨਕ ਚੋਣਾਂ 'ਤੇ ਪੈ ਸਕਦਾ ਹੈ।

# ਅਮਰੀਕਾ ਦੇ ਗੁਰਦੁਆਰਾ ਸਾਹਿਬ ’ਚ ਨੰਗੇ ਸਿਰ ਅਤੇ ਜੁੱਤੀਆਂ ਸਣੇ ਦਾਖਲ ਹੋਈ ਪੁਲਿਸ

## ਫਿਲਾਡੇਲਫੀਆ ਗੁਰਦੁਆਰਾ ਸਾਹਿਬ ’ਚ ਗੋਲਕ ਨੂੰ ਲੈ ਕੇ ਹੋਇਆ ਸੀ ਵਿਵਾਦ

**ਫਿਲਾਡੇਲਫੀਆ** : ਅਮਰੀਕਾ ਦੇ ਫਿਲਾਡੇਲਫੀਆ ਗੁਰਦੁਆਰਾ ਤੋਂ ਇਕ ਬਹੁਤ ਹੀ ਮੰਦਭਾਗੀ ਘਟਨਾ ਸਾਹਮਣੇ ਆਏ ਹੈ, ਜਿੱਥੇ ਗੋਲਕ ਦੀ ਗਿਣਤੀ ਨੂੰ ਲੈ ਕੇ ਪੈਦਾ ਹੋਏ ਵਿਵਾਦ ਸਮੇਂ ਪੁਲਿਸ ਨੰਗੇ ਸਿਰ ਅਤੇ ਜੁੱਤੀਆਂ ਸਮੇਤ ਹੀ ਗੁਰਦੁਆਰਾ ਸਾਹਿਬ ਵਿਚ ਦਾਖ਼ਲ ਹੋ ਗਈ। ਗੁਰਦੁਆਰਾ ਪ੍ਰਬੰਧਕ ਕਮੇਟੀ ਪੁਲਿਸ ਨੂੰ ਦੇਖ ਕੇ ਉਥੋਂ ਗਾਇਬ ਹੋ ਗਈ ਜਦਕਿ ਸੰਗਤ ਉਥੇ ਹੀ ਖੜ੍ਹੀ ਰਹੀ। ਵਾਇਰਲ ਵੀਡੀਓ ਵਿਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਗੋਲਕ ਦੇ ਨੇੜੇ ਨੋਟਾਂ ਦਾ ਲੱਗਿਆ ਹੋਇਆ ਢੇਰ ਸਾਫ਼ ਦਿਖਾਈ ਦੇ ਰਿਹਾ ਹੈ। ਇਸ




ਵਿਚ ਪੁਲਿਸ ਮੁਲਾਜ਼ਮ ਜੁੱਤੀਆਂ ਅਤੇ ਨੰਗੇ ਸਿਰ ਖੜ੍ਹੇ ਸਾਫ਼ ਦਿਖਾਈ ਦੇ ਰਹੇ ਹਨ। ਸਭ ਤੋਂ ਜ਼ਿਆਦਾ ਸ਼ਰਮਨਾਕ ਗੱਲ ਇਹ ਸੀ ਕਿ ਸਮਝੌਤੇ ਸਮੇਂ ਵੀ ਪੁਲਿਸ ਮੁਲਾਜ਼ਮ ਨੰਗੇ ਸਿਰ ਅਤੇ ਜੁੱਤੀਆਂ ਸਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਪਿੱਠ ਕਰਕੇ ਖੜ੍ਹੇ ਰਹੇ ਜਦਿਕ ਵਿਵਾਦ ’ਚ ਸ਼ਾਮਲ ਲੋਕ ਗੁਰਦੁਆਰਾ ਸਾਹਿਬ ਵਿਚ ਮੌਜੂਦ ਨਹੀਂ ਸਨ। ਇਸ ਘਟਨਾ ਤੋਂ ਬਾਅਦ ਸੰਗਤਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

# ਕੁਰੂਕਸ਼ੇਤਰ ਦੇ ਵਿਦਿਆਰਥੀ ਦੀ ਕੈਨੇਡਾ ਵਿਚ ਮੌਤ

**ਕੁਰੂਕਸ਼ੇਤਰ।** ਕੁਰੂਕਸ਼ੇਤਰ ਜ਼ਿਲ੍ਹੇ ਦੇ ਇਕ ਵਿਦਿਆਰਥੀ ਦੀ ਕੈਨੇਡਾ ਵਿਚ ਮੌਤ ਹੋ ਗਈ। ਪੁੱਤਰ ਦੀ ਮੌਤ ਦੀ ਖ਼ਬਰ ਮਿਲਦੇ ਹੀ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਗਿਆ। ਪਰਿਵਾਰ ਨੇ ਸਰਕਾਰ ਨੂੰ ਉਸ ਦੀ ਲਾਸ਼ ਵਾਪਸ ਲਿਆਉਣ ਦੀ ਅਪੀਲ ਕੀਤੀ ਹੈ। ਮ੍ਰਿਤਕ ਵਿਦਿਆਰਥੀ ਦੀ ਪਛਾਣ ਲਾਡਵਾ ਦੇ ਗਜ਼ਾਲਾਨਾ ਪਿੰਡ ਦੇ ਰਹਿਣ ਵਾਲੇ ਵੀਰੇਨ ਰੰਗਾ ਵਜੋਂ ਹੋਈ ਹੈ। ਵੀਰੇਨ ਮਾਰਚ 2024 ਵਿੱਚ ਕੈਨੇਡਾ ਗਿਆ ਸੀ ਅਤੇ ਸਰੀ ਵਿੱਚ ਆਪਣੀ ਪੜ੍ਹਾਈ ਕਰ ਰਿਹਾ ਸੀ। ਫਿਲਹਾਲ ਵੀਰੇਨ ਦੀ ਮੌਤ ਦੇ ਕਾਰਨਾਂ ਦਾ ਖੁਲਾਸਾ ਨਹੀਂ ਹੋਇਆ ਹੈ। ਪਰਿਵਾਰ ਦੇ ਅਨੁਸਾਰ, ਵੀਰੇਨ ਰਾਤ ਆਮ ਵਾਂਗ ਆਪਣੇ ਕਮਰੇ ਵਿੱਚ ਸੌਂ ਗਿਆ ਤੇ ਦੇਰ ਸਵੇਰ ਤੱਕ ਬਾਹਰ ਨਹੀਂ ਆਇਆ। ਉਸ ਦੇ ਦੋਸਤਾਂ ਨੇ ਉਸ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਹਰਕਤ ਨਹੀਂ ਮਿਲੀ। ਧਿਆਨ ਨਾਲ ਜਾਂਚ ਕਰਨ 'ਤੇ ਪਤਾ ਲੱਗਿਆ ਕਿ ਵੀਰੇਨ ਮਰ ਚੁੱਕਿਆ ਸੀ। ਸਥਾਨਕ



ਪੁਲਿਸ ਨੂੰ ਘਟਨਾ ਦੀ ਸੂਚਨਾ ਦਿੱਤੀ ਗਈ। ਵੀਰੇਨ ਦੀ ਮੌਤ ਦਾ ਕਾਰਨ ਫਿਲਹਾਲ ਪਤਾ ਨਹੀਂ ਚੱਲਿਆ ਹੈ। ਕੈਨੇਡੀਅਨ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।ਮੌਤ ਦਾ ਅਸਲ ਕਾਰਨ ਪੋਸਟਮਾਰਟਮ ਰਿਪੋਰਟ ਜਾਰੀ ਹੋਣ ਤੋਂ ਬਾਅਦ ਹੀ ਸਾਹਮਣੇ ਆਵੇਗਾ। ਮਿਲੀ ਜਾਣਕਾਰੀ ਅਨੁਸਾਰ ਵੀਰੇਂਦਰ ਇਕ ਬਿਹਤਰ ਭਵਿੱਖ ਅਤੇ ਸਿੱਖਿਆ ਦੇ ਸੁਪਨੇ ਲੈ ਕੇ ਵਿਦੇਸ਼ ਗਿਆ ਸੀ। ਵੀਰੇਂਦਰ ਇਕ ਸ਼ਾਂਤ ਸੁਭਾਅ ਵਾਲਾ ਅਤੇ ਇੱਕ ਚੰਗਾ ਵਿਦਿਆਰਥੀ ਸੀ। ਉਸ ਦੀ ਅਚਾਨਕ ਮੌਤ ਦੀ ਖ਼ਬਰ ਨੇ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਫੈਲਾ ਦਿੱਤੀ ਹੈ। ਪਰਿਵਾਰ ਕੈਨੇਡਾ ਵਿਚ ਉਸ ਦੇ ਦੋਸਤਾਂ ਅਤੇ ਸਬੰਧਤ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਵਿਚ ਹੈ। ਪਰਿਵਾਰ ਨੇ ਸਰਕਾਰੀ ਤੋਂ ਵੀਰੇਂਦਰ ਦੀ ਲਾਸ਼ ਨੂੰ ਭਾਰਤ ਵਾਪਸ ਲਿਆਉਣ ਦੀ ਮੰਗ ਕੀਤੀ ਹੈ।

# ਅੰਮ੍ਰਿਤਸਰ ਪੁਲੀਸ ਵਲੋਂ 10 ਕਿੱਲੋ ਆਈ. ਸੀ. ਈ. ਅਤੇ 4 ਕਿੱਲੋ ਹੈਰੋਇਨ ਸਮੇਤ ਦੋ ਕਾਬੂ

### ਦੁਬਈ ਅਧਾਰਤ ਨਸ਼ਾ ਤਸਕਰ ਦੇ ਸੰਪਰਕ ਵਿੱਚ ਸਨ ਗ੍ਰਿਫਤਾਰ ਕੀਤੇ ਆਰੋਪੀ : ਡੀਜੀਪੀ ਗੌਰਵ ਯਾਦਵ

**ਅੰਮ੍ਰਿਤਸਰ।** ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਦੋ ਮੁਲਜ਼ਮਾਂ ਨੂੰ 10 ਕਿਲੋਗ੍ਰਾਮ ਆਈ. ਸੀ. ਈ. (ਮੈਥਾਮਫੇਟਾਮਾਈਨ) ਅਤੇ 4 ਕਿਲੋਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਅਬੂ ਧਾਬੀ/ਦੁਬਈ ਤੋਂ ਨਸ਼ੇ ਦਾ ਕਾਰੋਬਾਰ ਚਲਾ ਰਹੇ ਇੱਕ ਨਸ਼ਾ ਤਸਕਰ ਦੇ ਸੰਪਰਕ ਵਿੱਚ ਸਨ, ਜੋ ਉਕਤ ਮੁਲਜ਼ਮਾਂ ਤੋਂ ਪੰਜਾਬ ਅਤੇ ਦਿੱਲੀ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਵਾਉਂਦਾ ਸੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਮੋਹਿਤ ਉਰਫ਼ ਬਚੀ (19), ਵਾਸੀ ਪਿੰਡ ਪਾਵਾਰ (ਜਲੰਧਰ) ਅਤੇ ਅਰਸ਼ਦੀਪ ਸਿੰਘ ਉਰਫ਼ ਅਰਸ਼ ਉਰਫ਼ ਹਰਮਨ (23) ਵਾਸੀ ਕੋਟ ਖਾਲਸਾ (ਅੰਮ੍ਰਿਤਸਰ) ਵਜੋਂ ਹੋਈ ਹੈ।ਡੀਜੀਪੀ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਮੋਹਿਤ ਹਾਲ ਹੀ ਵਿੱਚ ਦੁਬਈ ਤੋਂ ਵਾਪਸ ਆਇਆ ਹੈ, ਜਿੱਥੇ ਉਸਨੂੰ ਤਸਕਰੀ ਕਰਨ ਸਬੰਧੀ ਸਿਖਲਾਈ ਦਿੱਤੀ ਗਈ ਸੀ ਅਤੇ ਹੈਰੋਇਨ ਅਤੇ ਆਈ. ਸੀ. ਈ. ਦੀ ਖੇਪ ਲਿਜਾਣ ਦਾ ਕੰਮ ਸੌਂਪਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਮੁਲਜ਼ਮ ਅੱਗੇ ਮਾਝਾ ਅਤੇ ਦੋਆਬਾ ਖੇਤਰਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰ ਰਹੇ ਸਨ। ਆਪ੍ਰੇਸ਼ਨ ਸੰਬੰਧੀ ਵੇਰਵੇ ਸਾਂਝੇ ਕਰਦਿਆਂ ਅੰਮ੍ਰਿਤਸਰ ਦੇ ਪੁਲੀਸ



ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਖੁਫੀਆ ਇਤਲਾਹ ਤੇ ਕਾਰਵਾਈ ਕਰਦਿਆਂ ਪੁਲੀਸ ਟੀਮਾਂ ਨੇ ਮੋਹਿਤ ਉਰਫ਼ ਬਚੀ ਅਤੇ ਅਰਸ਼ਦੀਪ ਸਿੰਘ ਉਰਫ਼ ਅਰਸ਼ ਨੂੰ ਉਦੋਂ ਗ੍ਰਿਫ਼ਤਾਰ ਕੀਤਾ ਜਦੋਂ ਉਹ ਮੋਟਰਸਾਈਕਲ ਤੇ ਜਾ ਰਹੇ ਸਨ। ਉਨ੍ਹਾਂ ਕਿਹਾ ਕਿ ਤਲਾਸ਼ੀ ਦੌਰਾਨ ਪੁਲੀਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ 10 ਕਿਲੋਗ੍ਰਾਮ ਆਈ. ਸੀ. ਈ. (ਮੈਥਾਮਫੇਟਾਮਾਈਨ) ਅਤੇ 4 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ।ਉਹਨਾਂ ਦੱਸਿਆ ਕਿ ਪੁੱਛਗਿੱਛ ਦੌਰਾਨ ਦੁਬਈ ਤੋਂ ਵਾਪਸ ਆਏ ਮੁਲਜ਼ਮ ਮੋਹਿਤ ਨੇ ਖੁਲਾਸਾ ਕੀਤਾ ਹੈ ਕਿ ਉਕਤ ਤਸਕਰ, ਮਜ਼ਦੂਰ-ਵਰਗ ਦੇ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਨੂੰ ਨਸ਼ਾ ਤਸਕਰੀ ਦੀਆਂ ਗਤੀਵਿਧੀਆਂ ਲਈ ਪ੍ਰੇਰਦਾ ਸੀ। ਜਾਂਚ ਦੌਰਾਨ ਇਹ ਵੀ ਪਤਾ ਲੱਗਿਆ ਹੈ ਕਿ ਮੁਲਜ਼ਮ ਅਰਸ਼ਦੀਪ ਉਰਫ਼ ਅਰਸ਼, ਜੋ ਪਹਿਲਾਂ ਹੀ ਨਸ਼ਾ ਤਸਕਰੀ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਸੀ ਅਤੇ ਦੁਬਈ ਸਥਿਤ ਤਸਕਰ ਨਾਲ ਸਿੱਧੇ ਸੰਪਰਕ ਵਿੱਚ ਸੀ, ਵਲੋਂ ਅਣਪਛਾਤੇ ਵਿਅਕਤੀਆਂ ਰਾਹੀਂ ਭੇਜੀ ਗਈ ਹੈਰੋਇਨ ਦੀ ਖੇਪ ਨੂੰ ਅਪਣੇ ਕੋਲ ਸੰਭਾਲ ਕੇ ਰੱਖਿਆ ਜਾਂਦਾ ਸੀ ਅਤੇ ਉਹ ਇਸਨੂੰ ਅੱਗੇ ਡਿਲੀਵਰ ਕਰਨ ਲਈ ਮੋਹਿਤ ਨੂੰ ਸੌਂਪ ਦਿੰਦਾ ਸੀ।ਉਹਨਾਂ ਦੱਸਿਆ ਕਿ ਇਸ ਸਾਲ ਫਰਵਰੀ ਵਿੱਚ ਵੀ, ਇਸੇ ਦੁਬਈ ਅਧਾਰਤ ਤਸਕਰ ਦੇ ਦੋ ਸਾਥੀਆਂ (ਜਿਨ੍ਹਾਂ ਦੀ ਪਛਾਣ ਸਾਹਿਬਪ੍ਰੀਤ ਸਿੰਘ ਉਰਫ਼ ਸਾਹਿਬ ਅਤੇ ਗਗਨਦੀਪ ਸਿੰਘ ਉਰਫ਼ ਗਗਨ ਵਜੋਂ ਹੋਈ ਹੈ) ਨੂੰ 7.6 ਕਿਲੋਗ੍ਰਾਮ ਹੈਰੋਇਨ ਅਤੇ 21000 ਰੁਪਏ ਦੇ ਡਰੱਗ ਮਨੀ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਇਲਾਵਾ ਦੁਬਈ ਅਧਾਰਤ ਤਸਕਰ ਦੀ ਮਾਂ ਅਤੇ ਭੈਣ ਇਸ ਸਮੇਂ ਪੁਲੀਸ ਸਟੇਸ਼ਨ ਰਾਜਾ ਸਾਂਸੀ ਵਿਖੇ ਐਨਡੀਪੀਐਸ ਐਕਟ ਤਹਿਤ 42 ਕਿਲੋਗ੍ਰਾਮ ਹੈਰੋਇਨ ਦੀ ਬਰਾਮਦਗੀ ਨਾਲ ਸਬੰਧਤ ਕੇਸ ਅਧੀਨ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿੱਚ ਬੰਦ ਹਨ।

# ਫਿਰੋਜ਼ਪੁਰ ਪੁਲਿਸ ਨੇ ਕਰੋੜਾਂ ਰੁਪਏ ਦੇ ਨਸ਼ੀਲੇ ਪਦਾਰਥਾਂ ਸਣੇ ਤਿੰਨ ਤਸਕਰ ਕੀਤੇ ਕਾਬੂ

**ਫਿਰੋਜ਼ਪੁਰ :** ਫਿਰੋਜ਼ਪੁਰ ਪੁਲਿਸ ਨੂੰ “ਯੁੱਧ ਨਸ਼ਿਆਂ ਵਿਰੁੱਧ” ਮੁਹਿੰਮ ਤਹਿਤ ਇੱਕ ਹੋਰ ਵੱਡੀ ਕਾਮਯਾਬੀ ਮਿਲੀ ਹੈ। ਪੁਲਿਸ ਨੇ ਦੋ ਵੱਖ-ਵੱਖ ਮਾਮਲਿਆਂ ਵਿੱਚ ਤਿੰਨ ਨਸ਼ਾ ਤਸਕਰਾਂ ਨੂੰ ਕਾਬੂ ਕਰਕੇ 10 ਕਿਲੋ ਤੋਂ ਵੱਧ ਹੈਰੋਇਨ, 2 ਕਿਲੋ ਤੋਂ ਵੱਧ ਆਈਸ ਡਰੱਗ, ਇੱਕ ਵਿਦੇਸ਼ੀ ਪਿਸਤੌਲ ਅਤੇ ਮੋਟਰਸਾਈਕਲ ਬਰਾਮਦ ਕੀਤਾ ਹੈ। ਫਿਰੋਜ਼ਪੁਰ ਰੇਂਜ ਦੇ ਡੀਆਈਜੀ ਸਨੇਹਦੀਪ ਸ਼ਰਮਾ ਆਈ.ਪੀ.ਐਸ ਅਤੇ ਸੀਨੀਅਰ ਕਪਤਾਨ ਪੁਲਿਸ ਫਿਰੋਜ਼ਪੁਰ ਭੁਪਿੰਦਰ ਸਿੰਘ ਸਿੱਧੂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਗਸ਼ਤ ਅਤੇ ਚੈਕਿੰਗ ਦੌਰਾਨ ਮੁਖਬਰ ਖਾਸ ਤੋਂ ਸੂਚਨਾ ਮਿਲੀ ਕਿ ਓਮ ਉਰਫ ਓਮੀ ਵਾਸੀ ਪਿੰਡ ਲੇਲੀ ਵਾਲਾ ਹੈਰੋਇਨ ਤਸਕਰੀ ਦਾ ਧੰਦਾ ਕਰਦਾ ਹੈ।ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਪਿੰਡ ਖਾਈ ਫੇਮੇ ਕੇ ਤੋਂ ਹਬੀਬ ਕੇ ਰੋਡ ’ਤੇ ਭੱਠੇ ਨੇੜੇ ਛਾਪੇਮਾਰੀ ਕਰਕੇ ਦੋਸ਼ੀ ਨੂੰ ਕਾਬੂ ਕਰ ਲਿਆ। ਤਲਾਸ਼ੀ ਦੌਰਾਨ ਉਸ ਪਾਸੋਂ 10 ਕਿਲੋ 125 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਵਿੱਚ ਐਨ.ਡੀ.ਪੀ.ਐਸ ਐਕਟ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਇੱਕ ਹੋਰ



ਕਾਰਵਾਈ ਵਿੱਚ ਥਾਣਾ ਆਰਿਫ ਕੇ ਦੇ ਮੁੱਖ ਅਫਸਰ ਇੰਸਪੈਕਟਰ ਬਲਰਾਜ ਸਿੰਘ ਦੀ ਟੀਮ ਨੇ ਵੀ ਵੱਡੀ ਕਾਮਯਾਬੀ ਹਾਸਲ ਕੀਤੀ। ਪੁਲਿਸ ਨੂੰ ਮੁਖਬਰ ਤੋਂ ਸੂਚਨਾ ਮਿਲੀ ਸੀ ਕਿ ਅਨਿਕੇਤ ਕੁਮਾਰ ਅਤੇ ਸੁਮੀਤ ਕੁਮਾਰ ਵਾਸੀ ਫਿਰੋਜ਼ਪੁਰ ਸ਼ਹਿਰ ਆਈਸ ਡਰੱਗ ਅਤੇ ਨਜਾਇਜ਼ ਹਥਿਆਰਾਂ ਦੀ ਤਸਕਰੀ ਕਰਦੇ ਹਨ।

ਸੂਚਨਾ ਦੇ ਆਧਾਰ ’ਤੇ ਪੁਲਿਸ ਨੇ ਪਿੰਡ ਕਟੋਰਾ ਨੇੜੇ ਨਾਕਾਬੰਦੀ ਕਰਕੇ ਦੋਵਾਂ ਦੋਸ਼ੀਆਂ ਨੂੰ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ। ਤਲਾਸ਼ੀ ਦੌਰਾਨ ਉਨ੍ਹਾਂ ਪਾਸੋਂ 2 ਕਿਲੋ 1 ਗ੍ਰਾਮ ਆਈਸ ਡਰੱਗ, 30 ਬੋਰ ਦਾ ਵਿਦੇਸ਼ੀ ਮਾਰਕਾ ਤੁਰਕਿਏ ਪਿਸਤੌਲ ਅਤੇ ਹੀਰੋ ਸਪਲੈਂਡਰ ਮੋਟਰਸਾਈਕਲ ਬਰਾਮਦ ਕੀਤਾ ਗਿਆ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪੰਜਾਬ 'ਚ ਖੜ੍ਹਾ ਹੋਇਆ ਪੈਟਰੋਲ-ਡੀਜ਼ਲ ਦਾ ਸੰਕਟ, ਪੰਪ ਡੀਲਰਾਂ ਨੇ ਪੰਜਾਬ ਸਰਕਾਰ ਤੋਂ ਤੁਰੰਤ ਦਖ਼ਲ ਮੰਗਿਆ

## ਪੈਟਰੋਲ ਪੰਪ ਡੀਲਰਜ਼ ਐਸੋਸੀਏਸ਼ਨ ਪੰਜਾਬ ਨੇ ਲਿਖੀ ਚਿੱਠੀ

**ਚੰਡੀਗੜ੍ਹ:** ਪੰਜਾਬ ਵਿੱਚ ਆਉਣ ਵਾਲੇ ਦਿਨਾਂ ਦੌਰਾਨ ਪੈਟਰੋਲ ਅਤੇ ਡੀਜ਼ਲ ਦੀ ਭਾਰੀ ਕਿੱਲਤ ਦੇਖਣ ਨੂੰ ਮਿਲ ਸਕਦੀ ਹੈ। ਸੂਬੇ ਵਿੱਚ ਤੇਲ ਦੀ ਸਪਲਾਈ ਪ੍ਰਭਾਵਿਤ ਹੋਣ ਕਾਰਨ ਕਈ ਪੈਟਰੋਲ ਪੰਪਾਂ 'ਤੇ ਸਟਾਕ ਖ਼ਤਮ ਹੋਣ ਦੀ ਕਗਾਰ 'ਤੇ ਪਹੁੰਚ ਗਿਆ ਹੈ। ਇਸ ਗੰਭੀਰ ਸਥਿਤੀ ਨੂੰ ਦੇਖਦਿਆਂ 'ਪੈਟਰੋਲ ਪੰਪ ਡੀਲਰਜ਼ ਐਸੋਸੀਏਸ਼ਨ ਪੰਜਾਬ' ਨੇ ਸੂਬਾ ਸਰਕਾਰ ਨੂੰ ਇੱਕ ਪੱਤਰ ਲਿਖ ਕੇ ਤੁਰੰਤ ਦਖ਼ਲ ਦੇਣ ਦੀ ਮੰਗ ਕੀਤੀ ਹੈ।

ਸਪਲਾਈ ਵਿੱਚ ਦੇਰੀ ਅਤੇ ਰੁਕਾਵਟਾਂ ਮੁੱਖ ਕਾਰਨ

ਐਸੋਸੀਏਸ਼ਨ ਵੱਲੋਂ ਸਰਕਾਰ ਨੂੰ ਭੇਜੇ ਗਏ ਪੱਤਰ ਵਿੱਚ ਦੱਸਿਆ ਗਿਆ ਹੈ ਕਿ ਤੇਲ ਦੀ ਸਪਲਾਈ ਵਿੱਚ ਲਗਾਤਾਰ ਦੇਰੀ ਅਤੇ ਕਈ ਤਰ੍ਹਾਂ ਦੀਆਂ ਰੁਕਾਵਟਾਂ ਆ ਰਹੀਆਂ ਹਨ। ਇਸ ਕਾਰਨ ਪੰਪਾਂ ਤੱਕ ਲੋੜ ਮੁਤਾਬਕ ਪੈਟਰੋਲ-ਡੀਜ਼ਲ ਨਹੀਂ ਪਹੁੰਚ ਰਿਹਾ। ਹਾਲਾਤ ਇਹ ਬਣ ਗਏ ਹਨ ਕਿ ਸੂਬੇ ਦੇ ਕਈ ਹਿੱਸਿਆਂ ਵਿੱਚ ਪੈਟਰੋਲ ਪੰਪਾਂ 'ਤੇ ਤੇਲ ਦੀ ਭਾਰੀ ਕਮੀ ਸਾਹਮਣੇ ਆਉਣ ਲੱਗੀ ਹੈ। ਐਸੋਸੀਏਸ਼ਨ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇੱਕ ਪਾਸੇ ਜਿੱਥੇ ਸਪਲਾਈ ਪਹਿਲਾਂ ਹੀ ਪ੍ਰਭਾਵਿਤ ਹੈ, ਉੱਥੇ ਹੀ ਦੂਜੇ ਪਾਸੇ ਕਈ ਤੇਲ ਡਿਪੂਆਂ ਨੇ ਛੁੱਟੀਆਂ ਵਾਲੇ ਦਿਨਾਂ ਦੌਰਾਨ ਆਪਣਾ ਕੰਮਕਾਜ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਹੈ। ਛੁੱਟੀਆਂ ਦੌਰਾਨ ਕੰਮ ਬੰਦ ਰਹਿਣ ਕਾਰਨ ਸਟਾਕ ਦੀ ਪੂਰਤੀ ਨਹੀਂ ਹੋ ਪਾ ਰਹੀ, ਜਿਸ ਕਾਰਨ ਇਹ ਸੰਕਟ ਹੋਰ ਗੰਭੀਰ ਰੂਪ ਧਾਰਨ ਕਰਦਾ ਜਾ ਰਿਹਾ ਹੈ।




**ਜਨਤਾ ਨੂੰ ਪਰੇਸ਼ਾਨੀ ਹੋਣ ਦਾ ਖ਼ਦਸ਼ਾ**

ਪੈਟਰੋਲ ਪੰਪ ਡੀਲਰਾਂ ਮੁਤਾਬਕ ਜੇਕਰ ਪੰਜਾਬ ਸਰਕਾਰ ਨੇ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਦੇ ਕੇ ਤੇਲ ਕੰਪਨੀਆਂ ਅਤੇ ਡਿਪੂਆਂ ਨਾਲ ਗੱਲਬਾਤ ਨਾ ਕੀਤੀ, ਤਾਂ ਆਉਣ ਵਾਲੇ ਇੱਕ-ਦੋ ਦਿਨਾਂ ਵਿੱਚ ਆਮ ਜਨਤਾ, ਕਿਸਾਨਾਂ ਅਤੇ ਟ੍ਰਾਂਸਪੋਰਟਰਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਐਸੋਸੀਏਸ਼ਨ ਨੇ ਮੰਗ ਕੀਤੀ ਹੈ ਕਿ ਤੇਲ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਲਈ ਸਰਕਾਰ ਜਲਦ ਤੋਂ ਜਲਦ ਠੋਸ ਕਦਮ ਚੁੱਕੇ।

## ਅੰਮ੍ਰਿਤਸਰ ਵਿੱਚ ਵਪਾਰੀ ਦੇ ਘਰ ਬਾਹਰ ਫਾਇਰਿੰਗ

**ਅੰਮ੍ਰਿਤਸਰ:** ਅੰਮ੍ਰਿਤਸਰ ਦੇ ਛੇਹਰਟਾ ਇਲਾਕੇ ਵਿੱਚ ਦੇਰ ਰਾਤ ਇੱਕ ਵਪਾਰੀ ਦੇ ਘਰ ਬਾਹਰ ਗੋਲੀਆਂ ਚਲਾਉਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇਸ ਪੂਰੀ ਘਟਨਾ ਦੀ ਛਛਠੜ ਫੁਟੇਜ ਵੀ ਸਾਹਮਣੇ ਆਈ ਹੈ, ਜਿਸ ਵਿੱਚ ਦੋ ਨੌਜਵਾਨ ਮੋਟਰਸਾਈਕਲ 'ਤੇ ਆ ਕੇ ਘਰ ਦੇ ਬਾਹਰ ਫਾਇਰਿੰਗ ਕਰਦੇ ਅਤੇ ਫਿਰ ਮੌਕੇ ਤੋਂ ਫਰਾਰ ਹੁੰਦੇ ਦਿਖਾਈ ਦੇ ਰਹੇ ਹਨ। ਘਟਨਾ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ।ਮੀਡੀਆ ਨੂੰ ਜਾਣਕਾਰੀ ਦਿੰਦਿਆਂ ਪੁਲਿਸ ਅਧਿਕਾਰੀ ਕਮਲਜੀਤ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਕਰੀਬ 12:49 ਵਜੇ ਛੇਹਰਟਾ ਥਾਣਾ ਪੁਲਿਸ ਨੂੰ ਕਰਤਾਰ ਨਗਰ ਇਲਾਕੇ ਵਿੱਚ ਫਾਇਰਿੰਗ ਦੀ ਸੂਚਨਾ ਮਿਲੀ ਸੀ। ਉਨ੍ਹਾਂ ਦੱਸਿਆ ਕਿ ਜੈ ਚੰਦ ਨਾਮਕ ਵਿਅਕਤੀ, ਜੋ ਪਹਿਲਾਂ ਸਬਜ਼ੀ ਆੜਤ ਦਾ ਕਾਰੋਬਾਰ ਕਰਦਾ ਸੀ, ਦੇ ਘਰ ਬਾਹਰ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਚਲਾਈਆਂ ਗਈਆਂ।ਏਸੀਪੀ ਨੇ ਕਿਹਾ ਕਿ ਪੁਲਿਸ ਦੀ ਫਛ ਟੀਮ ਤੁਰੰਤ ਮੌਕੇ 'ਤੇ ਪਹੁੰਚ ਗਈ ਸੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ। ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸ਼ਿਕਾਇਤਕਰਤਾ ਪਾਰਟੀ ਦੀ ਕਿਸੇ ਵਿਰੋਧੀ ਪਾਰਟੀ ਨਾਲ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਪੁਰਾਣੀ ਰੰਜਿਸ਼ ਚੱਲ ਰਹੀ ਸੀ।



ਪੁਲਿਸ ਨੂੰ ਸ਼ੱਕ ਹੈ ਕਿ ਇਹ ਵਾਰਦਾਤ ਉਸੇ ਰੰਜਿਸ਼ ਦੇ ਚਲਦਿਆਂ ਕੀਤੀ ਗਈ ਹੋ ਸਕਦੀ ਹੈ।ਪੁਲਿਸ ਅਨੁਸਾਰ ਇਸ ਮਾਮਲੇ ਵਿੱਚ ਐਫਆਈਆਰ ਦਰਜ ਕਰ ਲਈ ਗਈ ਹੈ ਅਤੇ ਕੁਝ ਅਹਿਮ ਸਬੂਤ ਵੀ ਹੱਥ ਲੱਗੇ ਹਨ, ਜਿਨ੍ਹਾਂ ਦੇ ਆਧਾਰ 'ਤੇ ਦੋਸ਼ੀਆਂ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੁਲਿਸ ਦਾ ਦਾਅਵਾ ਹੈ ਕਿ ਜਲਦ ਹੀ ਮਾਮਲੇ ਦਾ ਖੁਲਾਸਾ ਕਰਕੇ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ।ਇਸ ਮੌਕੇ ਸਾਬਕਾ ਐਡੀਸ਼ਨਲ ਡਿਪਟੀ ਕਮਿਸ਼ਨਰ ਰਾਕੇਸ਼ ਕੁਮਾਰ ਵੀ ਪੀੜਤ ਪਰਿਵਾਰ ਨੂੰ ਮਿਲਣ ਪਹੁੰਚੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਨੂੰਨ-ਵਿਵਸਥਾ ਦੀ ਸਥਿਤੀ ਲਗਾਤਾਰ ਖਰਾਬ ਹੋ ਰਹੀ ਹੈ ਅਤੇ ਹੁਣ ਆਮ ਲੋਕ ਵੀ ਧਮਕੀ ਕਾਲਾਂ ਅਤੇ ਅਜਿਹੀਆਂ ਵਾਰਦਾਤਾਂ ਦਾ ਸਾਹਮਣਾ ਕਰ ਰਹੇ ਹਨ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਵੱਧ ਪੈ ਰਹੀ ਗਰਮੀ ਕਾਰਨ ਸਕੂਲਾਂ ਵਿੱਚ ਛੁੱਟੀਆਂ ਕਰਨ ਦੀ ਕੀਤੀ ਮੰਗ - ਅਧਿਆਪਕ ਦਲ ਪੰਜਾਬ





**ਕਪੂਰਥਲਾ, 20 ਮਈ (ਕੌੜਾ )–** ਅਧਿਆਪਕ ਦਲ ਪੰਜਾਬ ਦੀ ਕਪੂਰਥਲਾ ਇਕਾਈ ਦੀ ਮੀਟਿੰਗ ਸੁਖਦਿਆਲ ਸਿੰਘ ਝੰਡ ਜ਼ਿਲ੍ਹਾ ਪ੍ਰਧਾਨ ,ਮਨਜਿੰਦਰ ਸਿੰਘ ਧੰਜੂ ਜਨਰਲ ਸਕੱਤਰ ,ਸਰਦਾਰ ਭਜਨ ਸਿੰਘ ਮਾਨ , ਲੈਕਚਰਾਰ ਰਜੇਸ਼ ਜੋਲੀ, ਸ੍ਰੀ ਰਮੇਸ਼ ਕੁਮਾਰ ਭੇਟਾ ਦੀ ਅਗਵਾਈ ਹੇਠ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਆਗੂਆਂ ਨੇ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੇ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਕੋਲੋਂ ਮੰਗ ਕੀਤੀ ਹੈ ਕਿ ਪੰਜਾਬ ਵਿੱਚ ਲਗਾਤਾਰ ਪੈ ਰਹੀ ਭਿਆਨਕ ਗਰਮੀ ਦੇ ਚਲਦਿਆਂ ਸਕੂਲੀ ਬੱਚਿਆਂ ਦੇ ਮਾਪਿਆਂ ਤੇ ਅਧਿਆਪਕ ਆਗੂਆਂ ਨੇ ਸਰਕਾਰ ਕੋਲੋਂ ਸਕੂਲਾਂ ਵਿੱਚ ਛੁੱਟੀਆਂ ਕਰਨ ਦੀ ਮੰਗ ਕੀਤੀ ਹੈ। ਆਗੂਆਂ ਨੇ ਕਿਹਾ ਕਿ ਗਰਮੀ ਨੇ ਮਈ ਮਹੀਨੇ ਵਿੱਚ ਹੀ ਜੂਨ ਵਰਗਾ ਕਹਿਰ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਸੂਬੇ ਦੇ ਕਈ ਹਿੱਸਿਆਂ ਵਿੱਚ ਪਾਰਾ 42 ਤੋਂ 44 ਡਿਗਰੀ ਸੈਲਸੀਅਸ ਤੱਕ ਪਹੁੰਚਣ ਕਾਰਨ ਜਾਂ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇਸ ਗਰਮੀ ਨੇ ਸਕੂਲੀ ਬੱਚਿਆਂ ਤੇ ਉਹਨੇ ਮਾਪਿਆਂ ਦੀ ਚਿੰਤਾ ਵਿੱਚ ਭਾਰੀ ਵਾਧਾ ਕਰ ਦਿੱਤਾ ਹੈ ਦੁਪਹਿਰ ਵੇਲੇ ਜਦੋਂ ਸਕੂਲਾਂ ਦੀ ਛੁੱਟੀ ਹੁੰਦੀ ਹੈ ਉਸ ਵੇਲੇ ਸੂਰਜ ਦੀ ਤਪਸ਼ ਆਪਣੇ ਸਿਖਰ ਤੇ ਹੁੰਦੀ ਹੈ ਲਗਾਤਾਰ 42 ਡਿਗਰੀ ਦੇ ਤਾਪ ਵਿੱਚ ਬੱਚਿਆਂ ਨੂੰ ਸਕੂਲ ਤੋਂ ਲੈ ਕੇ ਆਉਣਾ ਮਾਪਿਆਂ ਲਈ ਇੱਕ ਵੱਡੀ ਚੁਣੌਤੀ ਬਣ ਗਿਆ ਹੈ ਵੱਧ ਰਹੀ ਗਰਮੀ ਕਾਰਨ ਬੱਚਿਆਂ ਵਿੱਚ ਡੀਹਾਈਡਰੇਸ਼ਨ ਪਾਣੀ ਦੀ ਕਮੀ ਤੇ ਲੂ ਲੱਗਣ ਦੇ ਖਤਰੇ ਨੂੰ ਦੇਖਦੇ ਹੋਏ ਅਧਿਆਪਕ ਆਗੂਆਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਸਕੂਲਾਂ ਵਿੱਚ ਛੁੱਟੀਆਂ ਕਰ ਦਿੱਤੀਆਂ ਜਾਣ ਤਾਂ ਜੋ ਬੱਚੇ ਦੁਪਹਿਰ ਦੀ ਤਪਸ਼ ਤੋਂ ਬਚ ਸਕਣ। ਆਗੂਆਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਸਕੂਲਾਂ ਵਿੱਚ ਵੱਧ ਪੈ ਰਹੀ ਗਰਮੀ ਕਾਰਨ ਛੁੱਟੀਆਂ ਕਰਨ ਦੀ ਮੰਗ ਕੀਤੀ । ਇਸ ਤੋਂ ਇਲਾਵਾ 90 ਫੀਸਦੀ ਸਟਾਫ਼ ਡਰੱਗ ਸੋਸੀਓ ਇਕਨੋਮਿਕ ਸਰਵੇ, ਜਨਗਣਨਾ ਅਤੇ ਐਮ ਸੀ ਦੀਆਂ ਚੋਣਾਂ ਵਿੱਚ ਡਿਊਟੀ ਲੱਗੀ ਹੋਣ ਕਰਕੇ ਸਕੂਲਾਂ ਵਿੱਚ ਪੜ੍ਹਾਈ ਦਾ ਕੋਈ ਵੀ ਮਾਹੌਲ ਨਹੀਂ ਰਿਹਾ ਜਿਸ ਨਾਲ ਸਮਾਜ ਵਿੱਚ ਸਿੱਖਿਆ ਵਿਭਾਗ ਦਾ ਗਲਤ ਅਕਸ ਹੋ ਰਿਹਾ ਹੈ ਇਸ ਸਮੱਸਿਆ ਨੂੰ ਵੇਖਦੇ ਹੋਏ ਵੀ ਸਕੂਲਾਂ ਵਿੱਚ ਛੁੱਟੀਆਂ ਕਰਨ ਦੀ ਮੰਗ ਕੀਤੀ ਹੈ।

ਇਸ ਮੌਕੇ ਹਰਦੇਵ ਸਿੰਘ ਖਾਨੋਵਾਲ, ਵਰਿੰਦਰ ਕੰਬੋਜ, ਲੈਕਚਰਾਰ ਵਨੀਸ਼ ਕੁਮਾਰ ਸ਼ਰਮਾ , ਵੱਸਣਦੀਪ ਸਿੰਘ ਜੱਜ ,ਸੁਖਜਿੰਦਰ ਸਿੰਘ ਢੋਲਣ, ਕਮਲਜੀਤ ਸਿੰਘ ਮੇਜਰਵਾਲ, ਗੁਰਮੀਤ ਸਿੰਘ ਖਾਲਸਾ, ਟੋਨੀ ਕੋੜਾ ,ਪ੍ਰਦੀਪ ਕੁਮਾਰ ਵਰਮਾ ,ਰੋਸ਼ਨ ਲਾਲ ਸੈਫਲਾਬਾਦ, ਅਮਰਜੀਤ ਕਾਲਾ ਸੰਘਿਆ , ਮਨੂੰ ਕੁਮਾਰ ਪਰਾਸ਼ਰ, ਰਾਜਨਜੋਤ ਸਿੰਘ ਖਹਿਰਾ, ਅਜੇ ਕੁਮਾਰ ਸਿੰਗਲਾ, ਦਵਿੰਦਰ ਸਿੰਘ, ਰਾਮ ਗੋਪਾਲ, ਅਸ਼ਵਨੀ ਭਾਟੀਆ, ਕਰਮਜੀਤ ਸਿੰਘ, ਜਸਵਿੰਦਰ ਖੇੜਾ, ਸ਼ੰਮੀ ਕੁਮਾਰ, ਰੁਪਿੰਦਰ ਸਿੰਘ, ਕੁਲਦੀਪ ਸਿੰਘ, ਸੁਰਿੰਦਰ ਕੁਮਾਰ ਭਵਾਨੀਪੁਰ ,ਰਕੇਸ਼ ਕੁਮਾਰ ਸਾਨਿਆਲ ,ਜਗਜੀਤ ਸਿੰਘ ਮਿਰਜਾਪੁਰ, ਸ਼ੁੱਭ ਦਰਸ਼ਨ ਨਰਾਇਣ ਅਨੰਦ ,ਡਾਕਟਰ ਧਿਆਨ ਸਿੰਘ, ਮਨੋਜ ਕੁਮਾਰ ਟਿੱਬਾ, ਸਤੀਸ਼ ਕੁਮਾਰ ਟਿੱਬਾ, ਅਮਰੀਕ ਸਿੰਘ ਰੰਧਾਵਾ ,ਸਰਬਜੀਤ ਸਿੰਘ ਔਜਲਾ ,ਮਨਦੀਪ ਸਿੰਘ ਔਲਖ,ਪ੍ਰਵੀਨ ਕੁਮਾਰ, ਜਤਿੰਦਰ ਸਿੰਘ ਸ਼ੈਲੀ ,ਕੁਲਬੀਰ ਸਿੰਘ, ਮਨਜੀਤ ਸਿੰਘ ਥਿੰਦ ,ਗੁਰਵਿੰਦਰ ਸਿੰਘ ਉੱਚਾ ,ਅਮਰਜੀਤ ਸ਼ਰਮਾ, ਅਮਰਜੀਤ ਸਿੰਘ ਡੈਨਵਿੰਡ ,ਅਮਨ ਸੂਦ ,ਅਮਨਦੀਪ ਸਿੰਘ ਵਲਨੀ,ਹਰਜੀਤ ਸਿੰਘ ,ਸੁਮਿਤ ਗੁਪਤਾ, ਮਨੋਹਰ ਸਿੰਘ ਆਦਿ ਅਧਿਆਪਕ ਸਾਥੀ ਮੌਜੂਦ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਧਾਰਮਿਕ ਸੈਮੀਨਾਰ



ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਆਯੋਜਿਤ ਧਾਰਮਿਕ ਸਮਾਗਮ ਦੀ ਝਲਕ।

**ਕਪੂਰਥਲਾ, 20 ਮਈ ( ਕੌੜਾ )–** ਰੇਲ ਕੋਚ ਫੈਕਟਰੀ ਸਾਹ-ਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਦੀ ਅਗਵਾਈ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਵਿਦਿਆਰਥੀਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਧਾਰਮਿਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਲ ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਵੱਧ ਚੜ ਕੇ ਹਿੱਸਾ ਲਿਆ । ਵਿਦਿਆਰਥੀਆਂ ਦੇ ਰੂਬਰੂ ਹੁੰਦਿਆਂ ਭਾਈ ਦਿਲਬਾਗ ਸਿੰਘ ਅਤੇ ਬੀਬੀ ਹਰਪ੍ਰੀਤ ਕੌਰ ਨੇ ਗੁਰਬਾਣੀ ਦੇ ਸਿਧਾਂਤ, ਗੁਰੂ ਸਾਹਿਬਾਨਾਂ ਦੀ ਜੀਵਨੀ, ਗੁਰਮਤਿ ਅਤੇ ਮਨਮਤਿ ਸੰਬੰਧੀ ਆਪਣੇ ਵਿਚਾਰ ਸਾਂਝੇ ਕੀਤੇ ਲ ਉਹਨਾਂ ਵਿਦਿਆਰਥੀਆਂ ਨੂੰ ਗੁਰਸਿੱਖੀ ਜੀਵਨ ਜੀਣ ਲਈ ਪ੍ਰੇਰਿਤ ਕੀਤਾ ਤੇ ਵਿਦਿਆਰਥੀ ਜੀਵਨ ਵਿੱਚ ਪਾਠ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਲ ਸਕੂਲ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਲ ਉਹਨਾਂ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਕੂਲ 'ਚ ਵਿਸ਼ੇਸ਼ ਕੈਂਪ ਲਗਾਉਣ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਲ ਇਸ ਮੌਕੇ ਸਕੂਲ ਡਾਇਰੈਕਟਰ ਇੰਜ. ਹਰਨਿਆਮਤ ਕੌਰ, ਪ੍ਰਸਾਸ਼ਕ ਇੰਜ. ਨਿਮਰਤਾ ਕੌਰ, ਪ੍ਰਿੰਸੀਪਲ ਡਿੰਪਲ ਸ਼ਰਮਾ, ਮੈਡਮ ਦਵਿੰਦਰ ਕੌਰ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਸਿੱਧ ਬਾਬਾ ਜੰਬੂਜੀਤ ਜੀ ਦੇ ਧਾਰਮਿਕ ਅਸਥਾਨ ਨੂੰ ਜਾਣ ਵਾਲੀ ਸੜਕ ਦਾ ਨਵੀਨੀਕਰਨ ਸ਼ੁਰੂ- ਵਿਧਾਇਕਾ ਸੰਤੋਸ਼ ਕਟਾਰੀਆ



**ਬਲਾਚੌਰ 20 ਮਈ(ਜਤਿੰਦਰ ਪਾਲ ਸਿੰਘ ਕਲੇਰ )** ਪਿੰਡ ਭੂਰੀਵਾਲੇ ਮਾਲੇਵਾਲ ਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਵਿੱਚ ਸਥਿਤ ਸਿੱਧ ਬਾਬਾ ਜੰਬੂਜੀਤ ਜੀ ਦੇ ਧਾਰਮਿਕ ਅਸਥਾਨ ਨੂੰ ਜਾਣ ਵਾਲੀ ਸੜਕ ਜੋ ਕਿ ਅੱਜ ਤੋ ਕੁੱਝ ਸਾਲ ਪਹਿਲੇ ਬਣਾਈ ਗਈ ਸੀ ਜਿਸ ਦੇ ਹਾਲਤ ਖਸਤਾ ਤੇ ਚੋੜਾਈ ਘੱਟ ਹੋਣ ਦੇ ਕਾਰਨ ਬਾਬਾ ਜੰਬੂਜੀਤ ਜੀ ਦੇ ਅਸਥਾਨ ਤੇ ਸਾਵਣ ਦੇ ਮਹੀਨੇ ਦੇ ਐਤਵਾਰ ਨੂੰ ਲੱਗਦੇ ਸਲਾਨਾ ਜੋੜ ਮੇਲੇ ਵਿੱਚ ਸੰਗਤਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਉਸ ਮੁਸ਼ਕਿਲ ਨੂੰ ਦੇਖਦੇ ਹੋਏ ਮੰਦਿਰ ਕਮੇਟੀ ਬਾਬਾ ਜੰਬੂਜੀਤ ਤੇ ਸਮੂਹ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਮਾਲੇਵਾਲ,ਬੂਥਗੜ੍ਹ, ਝੰਡੂਪੁਰ ਦੇ ਵਾਸੀਆਂ ਵੱਲੋਂ ਹਲਕਾ ਵਿਧਾਇਕਾ ਸ਼੍ਰੀਮਤੀ ਸ਼ੰਤੋਸ ਕਟਾਰੀਆ ਕੋਲ ਸੜਕ ਦੇ ਨਵੀਕਰਨ ਦੀ ਮੰਗ ਰੱਖੀ ਸੀ ਜਿਸ ਨੂੰ ਹਲਕਾ ਵਿਧਾਇਕਾ ਦੇ ਵੱਲੋਂ ਗੁਰੂ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਦੇ ਸਦਕਾ ਪੂਰਾ ਕੀਤਾ ਜਾ ਰਿਹਾ ਹੈ ਪਿਛਲੇ ਕੁੱਝ ਦਿਨਾਂ ਤੋ ਚੱਲ ਰਹੇ ਸੜਕ ਦੇ ਨਵੀਕਰਨ ਦੇ ਵਿਕਾਸ ਕਾਰਜਾਂ ਦਾ ਮੋਕਾ ਦੇਖਣ ਦੇ ਲਈ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਸੜਕ ਤੇ ਮੌਕੇ ਤੇ ਪਹੁੰਚੇ ਇਸ ਮੌਕੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਅਸ਼ੋਕ ਕਟਾਰੀਆ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵੱਲੋਂ ਪੰਜਾਬ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦੇ ਲਈ ਪਿੰਡਾਂ ਦੇ ਅੰਦਰ ਵਿਕਾਸ ਕਾਰਜਾਂ ਦੇ ਵਿੱਚ ਤੇਜ਼ੀ ਲਿਆਉਂਦੀ ਜਾ ਰਹੀ ਹੈ ਜਿਸ ਦੇ ਤਹਿਤ ਪਿੰਡਾਂ ਦੇ ਲੋਕਾਂ ਦੀਆਂ ਮੰਗਾਂ ਦੇ ਅਨੁਸਾਰ ਪੂਰਾ ਵੀ ਕੀਤਾ ਜਾ ਰਿਹਾ ਹੈ ਉਨ੍ਹਾਂ ਨੇ ਕਿਹਾ ਕਿ ਮਾਲੇਵਾਲ ਬੂਥਗੜ੍ਹ ਝੰਡੂਪੁਰ ਦੇ ਨਗਰਾਂ ਵੱਲੋਂ ਹਲਕਾ ਵਿਧਾਇਕਾ ਕੋਲ ਸੜਕ ਦੀ ਮੰਗ ਰੱਖੀ ਸੀ ਜਿਸਨੂੰ ਪਹਿਲ ਦੇ ਅਧਾਰ ਤੇ ਪੂਰਾ ਕੀਤਾ ਜਾ ਰਿਹਾ ਹੈ ਇਸ ਮੋਕੇ ਸਰਪੰਚ ਰਾਮ ਸਰੂਪ ਭੂੰਬਲਾ ਅਤੇ ਸਮੂਹ ਨਗਰਾਂ ਦੇ ਮੋਤਬਾਰਾਂ ਤੇ ਮੰਦਿਰ ਕਮੇਟੀ, ਨੋਜਵਾਨਾਂ ਦੇ ਵੱਲੋਂ ਪੰਜਾਬ ਸਰਕਾਰ ਤੇ ਕਟਾਰੀਆ ਪਰਿਵਾਰ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੇ ਕਿਹਾ ਕਿ 2005 ਦੇ ਵਿੱਚ ਪਹਿਲੇ ਜਿਹੜੀ ਬਾਬਾ ਜੀ ਦੇ ਅਸਥਾਨ ਨੂੰ ਜੋ ਸੜਕ ਬਣੀ ਸੀ ਉਹ ਵੀ ਹਲਕਾ ਵਿਧਾਇਕਾਂ ਸ਼ੰਤੋਸ ਕਟਾਰੀਆ ਦੇ ਸੁਹਰਾ ਜੀ ਸਾਬਕਾ ਵਿਧਾਇਕ ਸਵ. ਰਾਮ ਕ੍ਰਿਸ਼ਨ ਕਟਾਰੀਆ ਦੇ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਚੈਅਰਮੈਨ ਸ਼੍ਰੀਮਤੀ ਸ਼ੰਤੋਸ ਕਟਾਰੀਆ ਦੇ ਵੱਲੋਂ ਹੀ ਬਣਾਈ ਗਈ ਸੀ ਹੁਣ ਵੀ ਸੜਕ ਦੀ ਸੇਵਾ ਕਟਾਰੀਆ ਪਰਿਵਾਰ ਦੇ ਸਹਿਯੋਗ ਸਦਕਾ ਮੁੜ੍ਹ ਹੋਈ ਹੈ ਇਸ ਮੋਕੇ ਸਰਪੰਚ ਰਾਮ ਸਰੂਪ ਭੂੰਬਲਾ ਭੂਰੀਵਾਲੇ ਮਾਲੇਵਾਲ ,ਸਰਪੰਚ ਸਤਨਾਮ ਕਟਵਾਰਾ,ਪਵਨ ਕੁਮਾਰ ਰੀਠੂ,ਬਲਬੀਰ ਭੂੰਬਲਾ,ਧਰਮ ਚੰਦ ਦੇਦੜ,ਓਮ ਪ੍ਰਕਾਸ਼,ਵਿੱਕੀ ਕਟਾਰੀਆ ਅੱਛਰਦਾਸ,ਰਾਮਪ-ਾਲ,ਸੇਠੀ ਭੂੰਬਲਾ,ਨਵੀਨ ਕੁਮਾਰ,ਕਾਕੂ ਦੇਦੜ,ਰਿੰਕੂ ਫੋਜੀ, ਨਰਿੰਦਰ ਕੁਮਾਰ,ਕਮਲਜੀਤ ਆਦਿ

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪਿੰਡ ਲੱਖਾ ਤੋ ਮੁੱਖ ਮੰਤਰੀ ਤੀਰਥ ਯਾਤਰਾ ਵੱਖ-ਵੱਖ ਗੁਰੂ ਧਾਮਾ ਲਈ ਰਵਾਨਾ ਹੋਈ



**ਰਾਏਕੋਟ, ਮਈ (ਗੁਰਭਿੰਦਰ ਗੁਰੀ))** 'ਆਪ' ਸਰਕਾਰ ਵੱਲੋ ਚਲਾਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਅੱਜ ਪਿੰਡ ਲੱਖਾ ਤੋ ਯਾਤਰੀਆ ਦੀ ਇੱਕ ਬੱਸ ਵੱਖ-ਵੱਖ ਗੁਰੂ ਧਾਮਾ ਦੇ ਦਰਸਨਾ ਲਈ ਬਲਾਕ ਕੋਆਰਡੀਨੇਰ ਭਾਈ ਗੁਰਜੰਟ ਸਿੰਘ ਖਾਲਸਾ ਰਸੂਲਪੁਰ ਦੀ ਅਗਵਾਈ ਹੇਠ ਰਵਾਨਾ ਹੋਈ।ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਲਕਾ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਦਾ ਧੰਨਵਾਦ ਕਰਦਿਆ ਜਿਲ੍ਹਾ ਜਨਰਲ ਸਕੱਤਰ ਸੁਰਿੰਦਰ ਸਿੰਘ ਲੱਖਾ ਅਤੇ ਬਲਾਕ ਪ੍ਰਧਾਨ ਭਾਈ ਤਰਸੇਮ ਸਿੰਘ ਖਾਲਸਾ ਹਠੂਰ ਨੇ ਕਿਹਾ ਕਿ ਇਹ ਯਾਤਰਾ ਪਿੰਡ ਲੱਖਾ ਤੋ ਸੁਰੂ ਹੋ ਕੇ ਸ੍ਰੀ ਤਰਨਤਾਰਨ ਸਾਹਿਬ,ਤਖਤ ਸ੍ਰੀ ਅਕਾਲ ਤੱਖਤ ਸਾਹਿਬ,ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਸ੍ਰੀ ਦੁਰਗਿਆਨਾ ਮੰਦਰ, ਸ੍ਰੀ ਰਾਮ ਤੀਰਥ,ਵਾਹਗਾ ਬਾਰਡਰ, ਸ੍ਰੀ ਬਾਬਾ ਬੁੱਢਾ ਸਿੰਘ ਜੀ ਆਦਿ ਸਥਾਨਾ ਦੇ ਦਰਸਨ ਕਰਨ ਉਪਰੰਤ ਵਾਪਸ 21 ਮਈ ਦਿਨ ਵੀਰਵਾਰ ਨੂੰ ਪਿੰਡ ਲੱਖਾ ਵਿਖੇ ਪਹੁੰਚੇਗੀ।ਉਨ੍ਹਾ ਦੱਸਿਆ ਕਿ ਇਸ ਯਤਾਰਾ ਵਿਚ 50 ਸਾਲ ਦੀ ਉਮਰ ਤੋ ਵੱਧ ਵਾਲੇ ਵਿਅਕਤੀ ਯਾਤਰਾ ਕਰਨਗੇ।ਇਸ ਮੌਕੇ ਉਨ੍ਹਾ ਨਾਲ ਜਿਲ੍ਹਾ ਪ੍ਰੀਸ਼ਦ ਮੈਬਰ ਸ਼ਹਿਰੀਨ ਕੌਰ ਖਾਲਸਾ ਰਸੂਲਪੁਰ,ਸੀਨੀਅਰ ਆਗੂ ਸੁਰਿੰਦਰ ਸਿੰਘ ਲੱਖਾ,ਕਿਸਾਨ ਵਿੰਗ ਦੇ ਜਿਲ੍ਹਾ ਸੈਕਟਰੀ ਗੁਰਦੀਪ ਸਿੰਘ ਭੁੱਲਰ ਚਕਰ,ਸੁਖਚੈਨ ਸਿੰਘ ਹਠੂਰ, ਬਲਵੀਰ ਸਿੰਘ,ਜਰਨੈਲ ਸਿੰਘ ਆਦਿ ਹਾਜ਼ਰ ਸਨ।

# ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਵਿਊਰੋ ਦਫਤਰ ਵੱਲੋਂ 33 ਪ੍ਰਾਰਥੀਆਂ ਨੂੰ ਰੋਜਗਾਰ ਮੁਹੱਈਆ ਕਰਵਾਇਆ ਗਿਆ

**ਨਵਾਂ ਸ਼ਹਿਰ, 20 ਮਈ(ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੀ ਗੁਲਪ੍ਰੀਤ ਸਿੰਘ ਔਲਖ ਆਈ.ਏ.ਐਸ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਜੀ ਦੀ ਰਹਿਨੁਮਾਈ ਹੇਠ ਅੱਜ ਮਿਤੀ: 20.05.2026 ਨੂੰ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ—ਕਮ—ਮਾਡਲ ਕਰੀਅਰ ਸੈਂਟਰ ਵਿਖੇ ਪਲੇਸਮੈਂਟ ਕੈਂਪ ਲਗਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ਼੍ਰੀ ਸੰਜੀਵ ਸ਼ਰਮਾ ਪੀ.ਸੀ.ਐਸ. ਵਧੀਕ ਡਿਪਟੀ ਕਮਿਸ਼ਨਰ (ਜ) ਜੀ ਵੱਲੋਂ ਸ਼ਿਰਕਤ ਕੀਤੀ ਗਈ।ਉਹਨਾਂ ਵੱਲੋਂ ਪਲੇਸਮੈਂਟ ਕੈਂਪ ਵਿੱਚ ਪਹੁੰਚੇ ਨਿਯੋਜਕ ਹੈਲਥ ਕੈਪ ਇੰਡੀਆ ਲਿਮਟਿਡ ਅਤੇ ਪੁਖਰਾਜ ਹਰਬਲ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ ਗਈ। ਇਸ ਮੌਕੇ ਸ਼੍ਰੀ ਸੰਦੀਪ ਕੁਮਾਰ ਪੀ.ਸੀ.ਐਸ. (ਏ) ਜਿਲ੍ਹਾ ਰੋਜਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ



ਅਫ਼ਸਰ ਵੱਲੋਂ ਦੱਸਿਆ ਗਿਆ ਕਿ ਅੱਜ ਦੇ ਇਸ ਪਲੇਸਮੈਂਟ ਕੈਂਪ ਵਿੱਚ 58 ਪ੍ਰਾਰਥੀਆਂ ਵੱਲੋਂ ਭਾਗ ਲਿਆ ਗਿਆ ਅਤੇ 33 ਪ੍ਰਾਰਥੀਆਂ ਨੂੰ ਸ਼ਾਰਟਲਿਸਟ ਕੀਤਾ ਗਿਆ। ਅਧਿਕਾਰੀ ਵੱਲੋਂ ਦੱਸਿਆ ਗਿਆ ਕਿ ਭਵਿੱਖ ਵਿੱਚ ਵੀ ਜਿਲ੍ਹੇ ਦੇ ਵੱਖ—ਵੱਖ ਉਦਯੋਗਿਕ ਯੂਨਿਟਾਂ ਨਾਲ ਤਾਲਮੇਲ ਕਰਕੇ ਪਲੇਸਮੈਂਟ ਕੈਂਪ ਆਯੋਜਿਤ ਕੀਤੇ ਜਾਣਗੇ ਤਾਂ ਜੋ ਜਿਲ੍ਹੇ ਦੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਰੋਜਗਾਰ ਮੁਹੱਈਆ ਕਰਵਾਇਆ ਜਾ ਸਕੇ। ਚਾਹਵਾਨ ਬੇਰੋਜਗਾਰ ਉਮੀਦਵਾਰ ਆਪਣੇ ਦਸਤਾਵੇਜ਼ ਲੈ ਕੇ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਤੀਜੀ ਮੰਜ਼ਿਲ, ਡੀ.ਸੀ.ਕੰਪਲੈਕਸ, ਚੰਡੀਗੜ੍ਹ ਰੋਡ, ਨਵਾਂਸ਼ਹਿਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਹਾਜ਼ਰ ਹੋ ਸਕਦੇ ਹਨ।

# ਉੱਘੇ ਸਮਾਜ ਸੇਵਕ ਬਾਬਾ ਜੰਗ ਸਿੰਘ ਦੀਵਾਨਾ ਨੇ 160 ਵਿਦਿਆਰਥੀਆ ਨੂੰ ਸਟੇਸਨਰੀ ਵੰਡੀ



**ਰਾਏਕੋਟ, ਮਈ (ਗੁਰਭਿੰਦਰ ਗੁਰੀ))** -ਹਰ ਸਮੇਂ ਗਰੀਬ ਅਤੇ ਲੋੜਵੰਦ ਪਰਿਵਾਰਾ ਅਤੇ ਬੱਚਿਆ ਦੀ ਸਹਾਇਤਾ ਕਰਨ ਵਾਲੇ ਇਲਾਕੇ ਦੇ ਉੱਘੇ ਸਮਾਜ ਸੇਵਕ ਬਾਬਾ ਜੰਗ ਸਿੰਘ ਦੀਵਾਨਾ ਨੇ ਸਰਕਾਰੀ ਹਾਈ ਸਕੂਲ ਦੀਵਾਨਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਦੀਵਾਨਾ ਦੇ 160 ਵਿਦਿਆਰਥੀਆ ਨੂੰ ਸਟੇਸਨਰੀ ਵੰਡੀ।ਇਸ ਮੌਕੇ ਬਾਬਾ ਜੰਗ ਸਿੰਘ ਦੀਵਾਨਾ ਨੇ ਦੱਸਿਆ ਕਿ 160 ਵਿਦਿਆਰਥੀਆ ਨੂੰ ਕਾਪੀਆ,ਪੈਨ,ਪੈਨਸਲਾ ਆਦਿ ਸਟੇਸਨਰੀ ਵੰਡੀ ਗਈ ਹੈ ਅਤੇ ਦੋਵੇ ਸਕੂਲਾ ਦੇ ਸਟਾਫ ਨੂੰ ਰਜਿਸਟਰ ਅਤੇ ਪੈਨ ਭੇਂਟ ਕੀਤੇ ਗਏ ਹਨ।ਇਸ ਮੌਕੇ ਦੋਵੇ ਸਰਕਾਰੀ ਸਕੂਲਾ ਦੇ ਸਟਾਫ ਵੱਲੋ ਉੱਘੇ ਸਮਾਜ ਸੇਵਕ ਬਾਬਾ ਜੰਗ ਸਿੰਘ ਦੀਵਾਨਾ ਨੂੰ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾ ਨਾਲ ਆਏ ਆਗੂਆ ਦਾ ਧੰਨਵਾਦ ਕੀਤਾ।ਇਸ ਮੌਕੇ ਉਨ੍ਹਾ ਨਾਲ ਸਤਨਾਮ ਸਿੰਘ ਝੋਰੜਾ,ਬਲਜੀਤ ਸਿੰਘ ਸੁਧਾਰ,ਇੰਦਰਜੀਤ ਸਿੰਘ ਵਿੱਕੀ,ਡਾ:ਸੁਰਿੰਦਰ ਸਿੰਘ ਯੂ ਐਸ ਏ,ਰਵਿੰਦਰ ਸਿੰਘ ਯੂ ਐਸ ਏ,ਸੁਖਵਿੰਦਰ ਸਿੰਘ ਇਟਲੀ,ਬਲਜੀਤ ਸਿੰਘ ਕੈਨੇਡਾ,ਪ੍ਰਿੰਸ ਕੈਨੇਡਾ,ਪ੍ਰਭਜੋਤ ਸਿੰਘ ਯੂ ਕੇ,ਸਕੂਲਾ ਦਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਬਲਾਚੌਰ ਖੇਤਰ ਵਿੱਚ ਦਵਾਈਆਂ ਦੀਆਂ ਦੁਕਾਨਾਂ ਖੁੱਲੀਆ ਰੱਖਣ ਲਈ ਕੈਮਿਸਟਾਂ ਦਾ ਧੰਨਵਾਦ :ਪ੍ਰਧਾਨ. ਐਸ ਕੇ ਪਨੇਸਰ

**ਨਵਾਂਸ਼ਹਿਰ /ਕਾਠਗੜ੍ਹ 20 ਮਈ (ਜਤਿੰਦਰ ਪਾਲ ਸਿੰਘ ਕਲੇਰ )** ਅੱਜ ਬਲਾਚੌਰ ਸਬ ਡਵੀਜ਼ਨ ਵਿੱਚ ਕੈਮਿਸਟਾਂ ਦੀਆਂ ਆਮ ਵਾਂਗ ਖੁੱਲੀਆ ਰਹੀਆਂ ਜਿਸ ਕਰਕੇ ਮਰੀਜਾਂ ਨੂੰ ਦਵਾਈਆਂ ਖਰੀਦਣ ਵਿੱਚ ਕੋਈ ਵੀ ਪ੍ਰੇਸ਼ਾਨੀ ਨਹੀਂ ਹੋਈ। ਮੈਡੀਕਲ ਸਟੋਰਾਂ ਤੇ ਆਮ ਦਿਨਾਂ ਵਾਂਗ ਕੰਮ ਚਲਦਾ ਰਿਹਾ ਇਸ ਮੌਕੇ ਕੈਮਿਸਟ ਐਸੋਸੀਸ਼ੇਇਨ ਦੇ ਪ੍ਰਧਾਨ ਡਾ ਐਸ ਕੇ ਪਨੇਸਰ ਜਨਰਲ ਸਕੱਤਰ ਜਗਦੀਸ਼ ਛਾਬੜਾ ਬਲਾਚੌਰ ਅਤੇ ਡਿੰਪੀ ਜੈਨ ਨੇ ਸਮੂਹ ਕੈਮਿਸਟਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਰੇ ਕੈਮਿਸਟਾਂ ਨੇ ਕੈਮਿਸਟ ਐਸੋਸੀਸ਼ੇਇਨ ਬਲਾਚੌਰ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਆਪਣੀਆਂ ਦੁਕਾਨਾਂ ਖੋਲ੍ਹ ਕੇ ਜਿੱਥੇ ਆਮ ਮਰੀਜਾਂ ਨੂੰ ਦਵਾਈਆਂ ਖਰੀਦਣ ਦੀ ਸਹੂਲਤ ਮਹੁੱਈਆ ਕਰਵਾਈ ਉੱਥੇ ਆਪਣੀ ਏਕਤਾ ਦਾ ਸਬੂਤ ਦਿੱਤਾ ਹੈ।



for more news visit:
www.samajweekly.com

# ਮੀਰੀ-ਪੀਰੀ ਕਾਲਜ ਅਤੇ ਹਸਪਤਾਲ ਸ਼ਾਹਬਾਦ ਮਾਰਕੰਡਾ ਦੇ ਡਾਕਟਰ ਤੇ ਮੁਲਾਜ਼ਮਾਂ ਵਿੱਚ ਸਹਿਮ ਦਾ ਮਾਹੌਲ ਨਾ ਕਰਨ ਜਗਦੀਸ਼ ਝੀਂਡਾ - ਜਥੇਦਾਰ ਦਾਦੂਵਾਲ

## ਹਰਿਆਣਾ ਕਮੇਟੀ ਵੱਲੋਂ ਮੈਡੀਕਲ ਅਤੇ ਕਾਨੂੰਨੀ ਲਾਈਨ ਨਾਲ ਜੁੜੇ ਲੋਕ ਹੀ ਬਣਾਏ ਜਾਣਗੇ ਮੀਰੀ- ਪੀਰੀ ਟ੍ਰਸਟ ਦੇ ਮੈਂਬਰ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮੀਰੀ- ਪੀਰੀ ਮੈਡੀਕਲ ਕਾਲਜ ਅਤੇ ਹਸਪਤਾਲ ਸ਼ਾਹਬਾਦ ਮਾਰਕੰਡਾ ਸੰਬੰਧੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ 12 ਮਈ ਨੂੰ ਹਰਿਆਣਾ ਦੇ ਹੱਕ ਵਿੱਚ ਫੈਸਲਾ ਆਉਣ ਤੋਂ ਬਾਅਦ ਇਹ ਸੰਸਥਾ ਕਾਨੂੰਨੀ ਤੌਰ 'ਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਈ ਹੈ। ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਲੰਬੇ ਸਮੇਂ ਤੋਂ ਬਾਦਲ ਪਰਿਵਾਰ ਦੇ ਚਹੇਤਿਆਂ ਰਾਹੀਂ ਇਸ ਸੰਸਥਾ 'ਤੇ ਨਾਜਾਇਜ਼ ਕਬਜ਼ਾ ਕੀਤਾ ਗਿਆ ਹੋਇਆ ਸੀ, ਜਿਸ ਨੂੰ ਹੁਣ ਕਾਨੂੰਨੀ ਤਰੀਕੇ ਨਾਲ ਹਰਿਆਣਾ ਕਮੇਟੀ ਆਪਣੇ ਪ੍ਰਬੰਧ ਹੇਠ ਲਵੇਗੀ।

ਜਥੇਦਾਰ ਦਾਦੂਵਾਲ ਨੇ ਦੋਸ਼ ਲਗਾਇਆ ਕਿ ਹਾਈਕੋਰਟ ਦੇ ਫੈਸਲੇ ਤੋਂ ਬਾਅਦ ਜਗਦੀਸ਼ ਸਿੰਘ ਝੀਂਡਾ ਰੋਜ਼ਾਨਾ ਕਾਲਜ ਅਤੇ ਹਸਪਤਾਲ ਵਿੱਚ ਜਾ ਕੇ ਡਾਕਟਰਾਂ ਅਤੇ ਮੁਲਾਜ਼ਮਾਂ ਵਿੱਚ ਸਹਿਮ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਝੀਂਡਾ ਨੂੰ ਅਜਿਹੀਆਂ ਗੈਰਕਾਨੂੰਨੀ ਹਰਕਤਾਂ ਤੋਂ ਤੁਰੰਤ ਬਾਜ ਆਉਣਾ



ਚਾਹੀਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਝੀਂਡਾ ਨੇ ਹਮੇਸ਼ਾਂ ਬਾਦਲ ਪਰਿਵਾਰ ਦੀ ਹੀ ਪੱਖਦਾਰੀ ਕੀਤੀ ਅਤੇ ਸੰਸਥਾ ਨੂੰ ਹਰਿਆਣਾ ਕਮੇਟੀ ਹਵਾਲੇ ਕਰਨ ਲਈ ਕੋਈ ਯਤਨ ਨਹੀਂ ਕੀਤਾ।ਜਥੇਦਾਰ ਦਾਦੂਵਾਲ ਦੇ ਸਹਾਇਕ ਭਾਈ ਜਗਮੀਤ ਸਿੰਘ ਬਰਾੜ ਨੇ ਕਿਹਾ ਕਿ ਮੀਰੀ-ਪੀਰੀ ਮੈਡੀਕਲ ਕਾਲਜ ਗੁਰਦੁਆਰਾ ਮਸਤਗੜ੍ਹ ਸਾਹਿਬ ਦੀ ਜ਼ਮੀਨ 'ਤੇ ਬਣਿਆ ਹੋਇਆ ਹੈ ਅਤੇ ਇਸ 'ਤੇ ਹਰਿਆਣਾ ਕਮੇਟੀ ਦਾ ਹੱਕ ਬਣਦਾ ਹੈ। ਉਨ੍ਹਾਂ ਕਿਹਾ ਕਿ ਇਸ ਸੰਸਥਾ ਨੂੰ ਵਾਪਸ ਲੈਣ ਲਈ ਹਰਿਆਣਾ ਕਮੇਟੀ ਨੇ ਲੰਬੀ ਕਾਨੂੰਨੀ ਲੜਾਈ ਲੜੀ। ਇਸ ਦੌਰਾਨ 20 ਮਾਰਚ ਨੂੰ ਦਾਦੂਵਾਲ ਅਤੇ ਹਰਿਆਣਾ ਕਮੇਟੀ ਦੇ ਅਹੁਦੇਦਾਰਾਂ 'ਤੇ ਹਮਲਾ ਵੀ ਕੀਤਾ ਗਿਆ ਸੀ, ਜਿਸ ਸੰਬੰਧੀ 28 ਮਾਰਚ ਨੂੰ ਕਈ ਲੋਕਾਂ ਖ਼ਿਲਾਫ਼ ਮਾਮਲਾ ਦਰਜ ਹੋਇਆ ਸੀ।

ਦਾਦੂਵਾਲ ਨੇ ਕਿਹਾ ਕਿ ਹੁਣ ਮੀਰੀ-ਪੀਰੀ ਹਸਪਤਾਲ ਅਤੇ ਮੈਡੀਕਲ ਕਾਲਜ ਦਾ ਪ੍ਰਬੰਧ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੁਚੱਜੇ ਢੰਗ ਨਾਲ ਕੀਤਾ ਜਾਵੇਗਾ। ਮੈਡੀਕਲ ਕਾਲਜ ਦੀ ਅਧੂਰੀ ਇਮਾਰਤ ਨੂੰ ਵੀ ਜਲਦੀ ਪੂਰਾ ਕਰਵਾਇਆ ਜਾਵੇਗਾ ਅਤੇ ਸਰਕਾਰ ਨਾਲ ਗੱਲਬਾਤ ਕਰਕੇ ਐਨ.ਓ.ਸੀ. ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ, ਤਾਂ ਜੋ ਹਰ ਸਾਲ ਵਿਦਿਆਰਥੀ ਐਮਬੀਬੀਐਸ ਦੀ ਪੜ੍ਹਾਈ ਕਰ ਸਕਣ।ਉਨ੍ਹਾਂ ਡਾਕਟਰਾਂ ਅਤੇ ਮੁਲਾਜ਼ਮਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦੇ ਸਹਿਮ ਦਾ ਸ਼ਿਕਾਰ ਨਾ ਹੋਣ ਅਤੇ ਨਾ ਹੀ ਕਿਸੇ ਗੈਰਕਾਨੂੰਨੀ ਸਾਜਬਾਜ ਵਿੱਚ ਸ਼ਾਮਲ ਹੋਣ। ਦਾਦੂਵਾਲ ਨੇ ਕਿਹਾ ਕਿ ਮੀਰੀ-ਪੀਰੀ ਟ੍ਰਸਟ ਦੇ ਮੈਂਬਰ ਪੜ੍ਹੇ-ਲਿਖੇ ਅਤੇ ਮੈਡੀਕਲ ਜਾਂ ਕਾਨੂੰਨੀ ਖੇਤਰ ਨਾਲ ਜੁੜੇ ਵਿਅਕਤੀ ਹੀ ਬਣਾਏ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਝੀਂਡਾ ਨਾ ਤਾਂ ਕਿਸੇ ਨੂੰ ਨੌਕਰੀ 'ਤੇ ਰੱਖ ਸਕਦਾ ਹੈ ਅਤੇ ਨਾ ਹੀ ਕਿਸੇ ਨੂੰ ਬਰਖਾਸਤ ਕਰਨ ਦਾ ਅਧਿਕਾਰ ਰੱਖਦਾ ਹੈ, ਕਿਉਂਕਿ ਸੰਸਥਾ ਦਾ ਸਮੂਹ ਪ੍ਰਬੰਧ ਹਰਿਆਣਾ ਕਮੇਟੀ ਦੇ ਹੱਥ ਵਿੱਚ ਹੋਵੇਗਾ।

# ਜਾਦੂ ਟੂਣੇ ਨਾਲ ਵੱਸ ਵਿੱਚ ਕਰਨ ਵਾਲਾ ਫਸਿਆ ਕੁੜੱਕੀ 'ਚ

## ਪਤਾ ਲੱਗਣ 'ਤੇ ਪਿੰਡ ਵਿੱਚ ਬਣਿਆਂ ਡਰ ਮਾਹੌਲ

**ਨਵਾਂਸ਼ਹਿਰ /ਕਾਠਗੜ੍ਹ, 20ਮਈ (ਜਤਿੰਦਰ ਪਾਲ ਸਿੰਘ ਕਲੇਰ )** ਭਾਵੇਂ ਅੱਜ ਵਿਗਿਆਨਿਕ ਅਤੇ ਪੜ੍ਹਿਆ ਲਿਖਿਆਂ ਯੁਗ ਹੋਣ ਦੇ ਚਲਦਿਆਂ ਜਾਦੂ ਟੂਣਿਆਂ ਤੇ ਵਹਿਮਾਂ ਭਰਮਾਂ ਦਾ ਕੋਈ ਸਥਾਨ ਨਹੀਂ ਹੈ ਪਰੰਤੂ ਫਿਰ ਵੀ ਕੁਝ ਲੋਕ ਸ਼ੈਤਾਨੀ ਮਾਨਸਿਕਤਾ ਦੇ ਨਾਲ ਜਾਦੂ ਟੂਣਿਆਂ ਦੁਆਰਾ ਗਲਤ ਕੰਮਾਂ ਨੂੰ ਅੰਜਾਮ ਦੇਣਾ ਚਾਹੁੰਦੇ ਹਨ।

ਅਜਿਹਾ ਹੀ ਇੱਕ ਮਾਮਲਾ ਹਲਕੇ ਅਧੀਨ ਪੈਂਦੇ ਇੱਕ ਪਿੰਡ ਵਿੱਚ ਦੇਖਣ ਨੂੰ ਮਿਲਿਆ ਹੈ ਜਿੱਥੇ ਇੱਕ ਵਿਅਕਤੀ ਵਲੋਂ ਕਿਸੇ ਦੂਜੇ ਘਰ ਦੇ ਪਰਿਵਾਰਿਕ ਮੈਂਬਰ ਨੂੰ ਆਪਣੇ ਵੱਸ ਵਿੱਚ ਕਰਨ ਲਈ ਜਾਦੂ ਟੂਣਾ ਕੀਤਾ ਗਿਆ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਲਾਕੇ ਦੇ ਇੱਕ ਪਿੰਡ ਵਿੱਚ ਇੱਕ ਵਿਅਕਤੀ ਵਲੋਂ ਆਪਣੇ ਪਿੰਡ ਦੇ ਹੀ ਇੱਕ ਘਰ ਦੇ ਇੱਕ ਪਰਿਵਾਰਕ ਮੈਂਬਰ ਨੂੰ ਆਪਣੇ ਵੱਸ ਵਿੱਚ ਕਰਨ ਲਈ ਕਿਸੇ ਤਾਂਤਰਿਕ ਤੋਂ ਮੁਰਗੀ ਦੇ ਇੱਕ ਅੰਡੇ ਉੱਤੇ ਅਰਬੀ ਭਾਸ਼ਾ ਵਿੱਚ ਕੁਝ ਲਿਖਵਾ ਕੇ ਅੰਡੇ ਨੂੰ ਡੱਬੀ ਵਿੱਚ ਲਪੈਟ ਕੇ ਸੰਬੰਧਿਤ ਪਰਿਵਾਰ ਦੇ ਕਮਰੇ ਵਿੱਚ ਰੱਖੇ ਗਏ ਬੈਂਡ ਦੇ ਹੇਠਾਂ ਰੱਖ ਆਇਆ। ਇਕ ਦੋ ਦਿਨ ਬਾਅਦ ਜਦੋਂ ਘਰ ਦੇ ਮੈਂਬਰ ਬੈਂਡ ਹੇਠਾਂ ਝਾੜੂ ਲਗਾਉਣ ਲੱਗੇ ਤਾਂ ਉਹਨਾਂ ਬੈਂਡ ਹੇਠਾਂ ਰੱਖੀ ਇੱਕ ਡੱਬੀ ਮਿਲੀ ਜਿਸ ਨੂੰ ਜਦੋਂ ਪਰਿਵਾਰਕ ਮੈਂਬਰਾਂ ਨੇ ਖੋਲ੍ਹ ਕੇ ਦੇਖਿਆ ਤਾਂ ਉਸ ਵਿੱਚੋਂ ਅਰਬੀ ਭਾਸ਼ਾ ਵਿੱਚ ਲਿਖਿਆ



**ਵਸੀਕਰਨ ਵਾਸਤੇ ਰੱਖੇ ਗਏ ਅੰਡੇ ਦੀ ਤਸਵੀਰ।**

ਹੋਇਆ ਇੱਕ ਆਂਡਾ ਮਿਲਿਆ ਜਿਸ ਨੂੰ ਦੇਖਕੇ ਪਰਿਵਾਰ ਸਹਿਮ ਗਿਆ ਤੇ ਉਹਨਾਂ ਇਹ ਗੱਲ ਕਿਸੇ ਨੂੰ ਦੱਸੀ ਵੀ ਨਹੀਂ ਪ੍ਰੰਤੂ ਤਿੰਨ ਚਾਰ ਦਿਨ ਬਾਅਦ ਉਹ ਵਿਅਕਤੀ ਖੁਦ ਹੀ ਉਸ ਘਰ ਪਹੁੰਚਿਆ ਤੇ ਕਹਿਣ ਲੱਗਾ ਕਿ ਮੇਰਾ ਇੱਥੇ ਸਮਾਨ ਰਹਿ ਗਿਆ ਹੈ ਜਿਸ ਤੇ ਘਰ ਦੇ ਮੈਂਬਰਾਂ ਨੇ ਕਿਹਾ ਕਿ ਜੋ ਆਂਡਾ ਰੱਖ ਗਿਆ ਸੀ ਉਹ ਤੇਰਾ ਹੈ ਤਾਂ ਉਸਨੇ ਕਿਹਾ ਕਿ ਹਾਂ ਇਹ ਮੈਥੋਂ ਇੱਥੇ ਗਲਤੀ ਨਾਲ ਰਹਿ ਗਿਆ ਹੈ ਤੇ ਤੁਸੀਂ ਕਿਸੇ ਨੂੰ ਦੱਸਿਓ ਨਾ। ਘਰ ਵਾਲਿਆਂ ਨੇ ਇਹ ਸਾਰੀ ਗੱਲ ਪਿੰਡ ਦੀ ਪੰਚਾਇਤ ਅਤੇ ਮੋਹਤਵਰਾਂ ਨੂੰ ਦੱਸੀ ਤਾਂ ਪੰਚਾਇਤ ਨੇ ਸੰਬੰਧਿਤ ਵਿਅਕਤੀ ਨੂੰ 2-3 ਵਾਰ ਬੁਲਾਇਆ ਪ੍ਰੰਤੂ ਉਹ ਵਾਰ ਵਾਰ ਵੀ ਪੰਚਾਇਤ ਦੀ ਗੱਲ ਸੁਣਨ ਨਾ ਪਹੁੰਚਿਆ ਪਰ ਜਦੋਂ ਪੰਚਾਇਤ ਨੇ ਉਸ ਨੂੰ ਆਖਰੀ ਵਾਰ ਸੁਨੇਹਾ ਭੇਜਿਆ ਤਾਂ ਉਹ ਪੰਚਾਇਤ ਕੋਲ ਪਹੁੰਚਿਆ ਅਤੇ ਪੰਚਾਇਤ ਦੁਆਰਾ ਪੁੱਛੇ ਜਾਣ ਤੇ ਉਸਨੇ ਕਿਹਾ ਕਿ ਕਿ ਇਹ ਸਮਾਨ ਉਸ ਤੋਂ ਗਲਤੀ ਨਾਲ ਰੱਖਿਆ ਗਿਆ ਹੈ ਜਦੋਂ ਪੰਚਾਇਤ ਨੇ ਉਸ ਨੂੰ ਪੁੱਛਿਆ ਕਿ ਇਹ ਕੰਮ ਉਸਨੇ ਕਿਸ ਤੋਂ ਕਰਵਾਇਆ ਹੈ ਤਾਂ ਉਸ ਨੇ ਦੱਸਣ ਤੋਂ ਇਨਕਾਰ ਕੀਤਾ ਜਿਸ ਤੋਂ ਬਾਅਦ ਦੋਵੇਂ ਧਿਰਾਂ ਵਿੱਚ ਮਾਹੌਲ ਗਰਮ ਹੋ ਗਿਆ ਅਤੇ ਗੱਲ ਹੱਥੋਂ ਪਾਈ ਤੱਕ ਉੱਤਰ ਆਈ। ਸੂਤਰਾਂ ਮੁਤਾਬਿਕ ਇਸ ਗੱਲ ਦਾ ਮਸਲਾ ਅਜੇ ਤੱਕ ਹੱਲ ਨਹੀਂ ਹੋ ਸਕਿਆ ਤੇ ਇਹ ਮਾਮਲਾ ਪੁਲਿਸ ਤੱਕ ਪਹੁੰਚਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

# ਵੱਖ-ਵੱਖ ਪਿੰਡਾਂ ਦੀਆਂ ਖਸਤਾ ਹਾਲ ਲਿੰਕ ਸੜਕਾਂ ਤੋਂ ਵਾਹਨ ਚਾਲਕ ਤੇ ਰਾਹਗੀਰ ਹੋ ਰਹੇ ਪਰੇਸ਼ਾਨ

**ਨਵਾਂਸ਼ਹਿਰ /ਕਾਠਗੜ੍ਹ, 20 ਮਈ (ਜਤਿੰਦਰ ਪਾਲ ਸਿੰਘ ਕਲੇਰ )** ਹਲਕਾ ਕਾਠਗੜ ਅਧੀਨ ਪੈਂਦੇ ਵੱਖ-ਵੱਖ ਪਿੰਡਾਂ ਦੀਆਂ ਖਸਤਾ ਲਿੰਕ ਸੜਕਾਂ ਤੋਂ ਵਾਹਨ ਚਾਲਕ ਅਤੇ ਰਾਹਗੀਰ ਕਾਫੀ ਪਰੇਸ਼ਾਨੀ ਵਿੱਚੋਂ ਗੁਜਰ ਰਹੇ ਹਨ ਜਦਕਿ ਸੂਬੇ ਵਿੱਚ ਆਪ ਸਰਕਾਰ ਦੇ ਕਾਰਜਕਾਲ ਦਾ ਸਮਾਂ ਵੀ ਕਰੀਬ ਨੇੜੇ ਆਉਂਦਾ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਹਲਕੇ ਦੇ ਪਿੰਡ ਰਾਏਪੁਰ ਨੰਗਲ ਤੋਂ ਮੁੱਖ ਮੇਨ ਹਾਈਵੇ, ਬੇਲਾ ਤਾਜੋਵਾਲ, ਰੈਲ ਮਾਜਰਾ, ਜੀਓਵਾਲ- ਬਛੂਆਂ, ਭਰਥਲਾ ਬੇਟ ਤੋਂ ਮੰਡ ਖੇਤਰ, ਜਗਤੇਵਾਲ-ਭਰਥਲਾ, ਕਾਠਗੜ੍ਹ-ਜਗਤੇਵਾਲ, ਬਾਗੋਵਾਲ-ਜਗਤੇਵਾਲ, ਮਾਣੇਵਾਲ ਤੋਂ ਹਾਈਵੇ ਮਾਰਗ ਆਦਿ ਕਈ ਖਸਤਾ ਹਾਲ ਲਿੰਕ ਸੜਕਾਂ ਅਜਿਹੀਆਂ ਹਨ ਜੋ ਲੰਬੇ ਸਮੇਂ ਤੋਂ ਮੁਰੰਮਤ ਨੂੰ ਤਰਸ ਰਹੀਆਂ ਹਨ। ਇਹਨਾਂ ਖਸਤਾਹਾਲ ਸੜਕਾਂ ਦਾ ਗਟਕਾ ਤੱਕ ਨਿਕਲ ਚੁੱਕਿਆ ਹੈ ਤੇ ਕਈ ਥਾਂ ਡੂੰਘੇ ਖੱਡੇ ਬਣੇ ਹੋਏ ਹਨ ਜਿਨਾਂ 'ਤੇ ਚੱਲਣ ਵਾਲੇ ਵਾਹਨ ਚਾਲਕਾਂ ਨੂੰ ਜਿੱਥੇ ਹਾਦਸਿਆਂ ਦਾ ਡਰ ਰਹਿੰਦਾ ਹੈ ਉੱਥੇ ਹੀ ਉਹਨਾਂ ਦੇ



ਵਾਹਨ ਵੀ ਖਸਤਾ ਹੋ ਰਹੇ ਹਨ। ਰਾਤ ਸਮੇਂ ਚੱਲਣ ਵਾਲੇ ਦੋਪਹੀਆ ਵਾਹਨ ਚਾਲਕਾਂ ਨੂੰ ਖੱਡਿਆਂ ਕਾਰਨ ਸੱਟਾਂ ਲੱਗਣ ਦਾ ਡਰ ਬਣਿਆ ਰਹਿੰਦਾ ਹੈ ਅਤੇ ਪੈਦਲ ਜਾਂਦੇ ਰਾਹਗੀਰ ਇਸ ਗੱਲੋਂ ਡਰਦੇ ਰਹਿੰਦੇ ਹਨ ਕਿ ਕਿਧਰੇ ਖੱਡਿਆਂ ਤੋਂ ਬਚਦੇ ਵਾਹਨ ਉਹਨਾਂ ਨੂੰ ਫੇਟ ਹੀ ਨਾ ਮਾਰ ਜਾਣ। ਪਿੰਡਾਂ ਦੇ ਲੋਕਾਂ ਦਾ ਕਹਿਣਾ ਹੈ ਕਿ ਸੂਬੇ ਵਿੱਚ ਆਪ ਸਰਕਾਰ ਦੇ ਪੰਜ ਸਾਲ ਪੂਰੇ ਹੋਣ ਵਾਲੇ ਹਨ ਲੇਕਿਨ ਅਜੇ ਤੱਕ ਵੀ ਖਸਤਾਹਾਲ ਸੜਕਾਂ ਦੀ ਰਿਪੇਅਰ ਨਹੀਂ ਹੋਈ।

ਵੱਖ-ਵੱਖ ਪਿੰਡਾਂ ਦੇ ਲੋਕਾਂ ਨੇ ਸਰਕਾਰ ਤੇ ਸੰਬੰਧਿਤ ਵਿਭਾਗ ਤੋਂ ਮੰਗ ਕੀਤੀ ਹੈ ਕਿ ਖਸਤਾ ਹਾਲ ਸੜਕਾਂ ਦੀ ਮੁਰੰਮਤ ਨੂੰ ਪਹਿਲ ਦੇ ਅਧਾਰ 'ਤੇ ਕਰਵਾਇਆ ਜਾਵੇ ਤਾਂ ਜੋ ਉਹ ਰੋਜ਼ਾਨਾ ਦੀ ਪਰੇਸ਼ਾਨੀ ਤੋਂ ਬਚ ਸਕਣ ਤੇ ਉਹਨਾਂ ਦਾ ਆਉਣਾ-ਜਾਣਾ ਸੌਖਾ ਹੋ ਸਕੇ।

# ਅਕਾਲੀ ਦਲ ਦੇ ਉਮੀਦਵਾਰ ਰਮਨਦੀਪ ਕੌਰ ਦੇ ਚੋਣ ਦਫ਼ਤਰ ਦਾ ਉਦਘਾਟਨ

## ਹਰਮੋਹਣ ਸਿੰਘ ਸੰਧੂ ਵੱਲੋਂ 'ਆਪ' ਸਰਕਾਰ ਦੀ ਤਿੱਖੀ ਆਲੋਚਨਾ

**ਮੋਰਿੰਡਾ, 20 ਮਈ (ਸੁਖਵਿੰਦਰ ਸਿੰਘ ਹੈਪੀ)–** ਨਗਰ ਕੌਂਸਲ ਮੋਰਿੰਡਾ ਦੇ ਵਾਰਡ ਨੰਬਰ 5 (ਰਿਜ਼ਰਵ) ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਮਨਦੀਪ ਕੌਰ ਦੇ ਚੋਣ ਦਫਤਰ ਦਾ ਅੱਜ ਸੀਨੀਅਰ ਅਕਾਲੀ ਨੇਤਾ ਹਰਮੋਹਣ ਸਿੰਘ ਸੰਧੂ ਵੱਲੋਂ ਰਸਮੀ ਉਦਘਾਟਨ ਕੀਤਾ ਗਿਆ, ਜਿਸ ਦੌਰਾਨ ਖ਼ੁਸ਼ੀ ਵਿੱਚ ਲੱਡੂ ਵੀ ਵੰਡੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀਨੀਅਰ ਅਕਾਲੀ ਆਗੂ ਪਰਮਿੰਦਰ ਸਿੰਘ ਬਿੱਟੂ ਕੰਗ ਨੇ ਦੱਸਿਆ ਕਿ ਉਦਘਾਟਨੀ ਸਮਾਰੋਹ ਦੌਰਾਨ ਮੁੱਖ ਤੌਰ 'ਤੇ ਪਹੁੰਚੇ ਹਰਮੋਹਣ ਸਿੰਘ ਸੰਧੂ ਨੇ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖੇ ਸਿਆਸੀ ਹਮਲੇ ਕੀਤੇ। ਉਨ੍ਹਾਂ ਆਖਿਆ ਕਿ ਪੰਜਾਬ ਦੀ 'ਆਪ' ਸਰਕਾਰ ਹਰ ਫਰੰਟ 'ਤੇ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ ਅਤੇ ਰਾਜ ਅੰਦਰ ਪੂਰੀ ਤਰ੍ਹਾਂ 'ਜੰਗਲ ਰਾਜ' ਚੱਲ ਰਿਹਾ ਹੈ। ਰੋਜ਼ਾਨਾ ਨਿਰਦੋਸ਼ ਲੋਕਾਂ ਦੇ ਕਤਲ ਹੋ ਰਹੇ ਹਨ, ਅਮਨ-ਕਾਨੂੰਨ ਦੀ ਸਥਿਤੀ ਭੰਗ ਹੋ ਚੁੱਕੀ ਹੈ ਅਤੇ ਸਰਕਾਰੀ ਤੰਤਰ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਉਨ੍ਹਾਂ ਅੱਗੇ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਦੇ ਰਾਜ ਵਿੱਚ ਹੱਕ ਮੰਗਦੇ ਮਜ਼ਦੂਰਾਂ ਅਤੇ ਮੁਲਾਜ਼ਮਾਂ ਨੂੰ ਕੁੱਟ ਕੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ ਅਤੇ ਰੁਜ਼ਗਾਰ ਮੰਗ ਰਹੇ ਬੇਰੁਜ਼ਗਾਰ ਨੌਜਵਾਨਾਂ ਦੀ ਆਵਾਜ਼ ਨੂੰ ਲਾਠੀਆਂ ਦੇ ਜ਼ੋਰ 'ਤੇ ਦਬਾਇਆ ਜਾ ਰਿਹਾ ਹੈ। ਮਹਿੰਗਾਈ ਅਤੇ ਬੇਰੁਜ਼ਗਾਰੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ, ਜਦਕਿ ਪੰਜਾਬ ਸਰਕਾਰ ਮੂਕ ਦਰਸ਼ਕ ਬਣੀ ਹੋਈ ਹੈ। ਸੰਧੂ ਨੇ ਆਖਿਆ ਕਿ ਇਸੇ ਕਾਰਨ ਪੰਜਾਬ ਦਾ ਹਰ ਵਰਗ ਸਰਕਾਰ ਦੀਆਂ ਨੀਤੀਆਂ ਤੋਂ ਸਖ਼ਤ ਨਿਰਾਸ਼ ਹੈ ਅਤੇ ਇਸ ਸਰਕਾਰ ਨੂੰ ਚਲਦਾ ਕਰਨ ਲਈ ਸਹੀ ਸਮੇਂ ਦੀ ਇੰਤਜ਼ਾਰ ਕਰ ਰਿਹਾ ਹੈ। ਉਨ੍ਹਾਂ ਇਸ ਮੌਕੇ ਬੀਬੀ ਰਮਨਦੀਪ ਕੌਰ ਨੂੰ ਪੂਰਨ ਹਮਾਇਤ ਦੇਣ ਦਾ ਐਲਾਨ ਕਰਦਿਆਂ ਵਾਰਡ ਵਾਸੀਆਂ ਨੂੰ ਅਕਾਲੀ ਦਲ ਦੇ ਪੱਖ ਵਿੱਚ ਭੁਗਤਣ ਦੀ ਅਪੀਲ ਕੀਤੀ। ਇਸ ਉਦਘਾਟਨੀ ਸਮਾਰੋਹ ਦੌਰਾਨ ਡਾ. ਜੋਗਾ ਸਿੰਘ, ਮੁਹੰਮਦ ਇਕਬਾਲ, ਬਿਕਰਮਜੀਤ ਸਿੰਘ ਵਿੱਕੀ, ਡਾ. ਯਾਦਵਿੰਦਰ ਸਿੰਘ, ਗੁਰਚਰਨ ਸਿੰਘ ਬਮਨਾੜਾ, ਬਲਵੀਰ ਸਿੰਘ, ਸੁਖਵਿੰਦਰ ਸਿੰਘ ਰਤਨਗੜ੍ਹ, ਗੁਰਮੀਤ ਗੀਤਾ ਮੋਰਿੰਡਾ, ਸਤਵਿੰਦਰ ਸਿੰਘ, ਧਰਮਿੰਦਰ ਸਿੰਘ ਗਿੱਲ, ਗੁਰਿੰਦਰ ਸਿੰਘ, ਸੁਪਿੰਦਰ ਸਿੰਘ, ਦਿਲਪ੍ਰੀਤ ਸਿੰਘ, ਅਮਰਜੀਤ ਕੌਰ ਅਤੇ ਕਰਮਜੀਤ ਕੌਰ ਸਮੇਤ ਵੱਡੀ ਗਿਣਤੀ ਵਿੱਚ ਸਥਾਨਕ ਨਗਰ ਨਿਵਾਸੀ ਅਤੇ ਪਤਵੰਤੇ ਸੱਜਣ ਮੌਜੂਦ ਸਨ।




# ਨਹਿਰੀ ਵਿਭਾਗ ਵਲੋਂ ਪਨਿਆਲੀ ਖੁਰਦ ਚੱਲ ਰਹੇ ਕਰਾਸ ਰੈਗੂਲੇਟਰ ਪ੍ਰੋਜੈਕਟ ਨੂੰ 10 ਦਿਨਾਂ 'ਚ ਕੀਤਾ ਜਾਵੇਗਾ ਮੁਕੰਮਲ

## ਲੋਕਾਂ ਨੂੰ ਨਹਿਰੀ ਪਾਣੀ ਦੀ ਸਮੱਸਿਆ ਤੋਂ ਜਲਦ ਮਿਲੇਗੀ ਰਾਹਤ





**ਨਵਾਂਸ਼ਹਿਰ /ਕਾਠਗੜ੍ਹ 20 ਮਈ (ਜਤਿੰਦਰ ਪਾਲ ਸਿੰਘ ਕਲੇਰ )** ਨਹਿਰੀ ਵਿਭਾਗ ਦੇ ਇਰੀਗੇਸ਼ਨ ਵਿਭਾਗ ਵਲੋਂ ਪਿੰਡ ਪਨਿਆਲੀ ਖੁਰਦ (ਰਾਮਗੜ੍ਹ ) ਵਿੱਚ ਸ਼ੁਰੂ ਕੀਤੇ ਗਏ ਕਰਾਸ ਰੈਗੂਲੇਟਰ ਪ੍ਰੋਜੈਕਟ ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਹੈ ਙ ਜਿਸਨੂੰ ਵਿਭਾਗ ਦੇ ਵਲੋਂ 10 ਦਿਨਾਂ ਵਿੱਚ ਮੁਕੰਮਲ ਕਰਨ ਦਾ ਦਾਵਾ ਕੀਤਾ ਜਾ ਰਿਹਾ ਙ ਵਿਭਾਗ ਦੇ ਕਹਿਣਾ ਹੈ ਕਿ ਇਲਾਕੇ ਦੇ ਲੋਕਾਂ ਨੂੰ ਪੇਸ਼ ਆ ਰਹੀ ਨਹਿਰੀ ਪਾਣੀ ਦੀ ਸਮਸਿਆ ਨੂੰ ਜਲਦ ਹੱਲ ਕਰ ਲਿਆ ਜਾਵੇਗਾ ਙ ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਦਾ ਕੰਮ ਬਹੁਤ ਤੇਜ਼ੀ ਨਾਲ ਚੱਲ ਰਿਹਾ ਹੈ ਙ ਕੜਾਕੇ ਦੀ ਪੈ ਰਹੀ ਧੁੱਪ ਵਿੱਚ ਕਰਮਚਾਰੀਆਂ ਵਲੋਂ ਕੰਮ ਨੂੰ ਪ੍ਰਾਥਮਿਕਤਾ ਦੇ ਆਧਾਰ ਤੇ ਕੀਤਾ ਜਾ ਰਿਹਾ ਹੈ ਙ ਜਦੋਂ ਇਸ ਸਬੰਧ ਵਿੱਚ ਡ੍ਰੇਨ ਵਿਭਾਗ ਦੇ ਐਸਡੀਓ ਦਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਇਰੀਗੇਸ਼ਨ ਵਿਭਾਗ ਵਲੋਂ ਜੋ ਨਹਿਰੀ ਪਾਣੀ ਖੇਤਾਂ ਨੂੰ ਸਿੰਚਾਈ ਦੇ ਲਈ ਦੇਣਾ ਹੈ ਉਸ ਦੇ ਲਈ ਕਰਾਸ ਰੈਗੂਲੇਟਰ ਪ੍ਰੋਜੈਕਟ ਨੂੰ 10 ਦਿਨਾਂ ਵਿੱਚ ਮੁਕੰਮਲ ਕਰਕੇ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਦਾ ਜਲਦ ਹਲ ਕਰ ਦਿੱਤਾ ਜਾਵੇਗਾ ਙ ਉਨ੍ਹਾਂ ਦੀ ਟੀਮ ਵਲੋਂ ਇਸ ਕੰਮ ਨੂੰ ਮੁਕੰਮਲ ਕਰਨ ਟੀਮਾਂ ਵਲੋਂ ਰਾਤ ਦਿਨ ਕਰਕੇ ਜੰਗੀ ਪੱਧਰ ਤੇ ਕੰਮ ਚੱਲ ਰਿਹਾ ਹੈ। ਜਲਦ ਹੀ ਕਿਸਾਨਾਂ ਦੇ ਖੇਤਾਂ ਵਿੱਚ ਪਾਣੀ ਹੋਵੇਗਾ।

# ਬਜਰੰਗ ਦਲ ਹਿੰਦੋਸਤਾਨ ਦੀ ਟੀਮ ਨੇ ਸਵ: ਜਤਿੰਦਰ ਕੁਮਾਰ ਜੇ.ਕੇ. ਚੱਗਰਾਂ ਦੀ ਪਹਿਲੀਂ ਬਰਸੀ ਸ਼ਰਧਾਂਜਲੀ ਭੇਂਟ ਕੀਤੀ

**ਹੁਸ਼ਿਆਰਪੁਰ 20 ਮਈ ( ਤਰਸੇਮ ਦੀਵਾਨਾ )** - ਬਜਰੰਗ ਦਲ ਹਿੰਦੋਸਤਾਨ ਸੰਗਠਨ ਹੁਸ਼ਿਆਰਪੁਰ ਦੀ ਟੀਮ ਵੱਲੋਂ ਸਵ: ਸ਼੍ਰੀ ਜਤਿੰਦਰ ਕੁਮਾਰ ਜੇ.ਕੇ. ਚੱਗਰਾਂ ਦੀ ਪਹਿਲੀਂ ਬਰਸੀ ਦੇ ਮੌਕੇ ਤੇ ਸ਼੍ਰੀ ਬਜਰੰਗਬਲੀ ਮਦਿੰਰ ਹੁਸ਼ਿਆਰਪੁਰ ਵਿੱਖੇ ਪਹੁੰਚ ਕੇ ਸ਼੍ਰੀ ਹਨੂਮਾਨ ਚਾਲੀਸਾ ਦਾ ਪਾਠ ਕੀਤਾ ਗਿਆ ਅਤੇ ਇਸ ਉਪਰੰਤ ਆਏ ਹੋਏ ਸਾਰੇ ਬਜਰੰਗੀਆਂ ਵੱਲੋਂ ਜੇ.ਕੇ. ਚੱਗਰਾ ਨੂੰ ਸ਼ਰਧਾਂਜਲੀ ਭੇਂਟ ਕੀਤੀ । ਇਸ ਤੋਂ ਬਾਅਦ ਰਾਸ਼ਟਰੀ ਮੁੱਖ ਬੁਲਾਰੇ ਸੰਨਦੀਪ ਰਾਜਪੂਤ ਅਤੇ ਰਾਸ਼ਟਰੀ ਜਰਨਲ ਸਕੱਤਰ ਮਨਜੀਤ ਸਿੰਘ ਮਾਹਲਪੁਰੀ ਵੱਲੋਂ ਜੇ.ਕੇ. ਚੱਗਰਾ ਦੀ ਜੀਵਨੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਉਹਨਾਂ ਦੇ ਦਿਖਾਏ ਹੋਏ ਮਾਰਗ ਤੇ ਚੱਲਣ ਲਈ ਆਏ ਹੋਏ ਬਜਰੰਗੀਆਂ ਨੂੰ ਪ੍ਰੇਰਿਤ ਕੀਤਾ । ਇਸ ਤੋਂ ਉਪਰੰਤ ਪਰਮਜੀਤ ਸਿੰਘ ਫੌਜੀ ਬੁਥਗੜ੍ਹ ਰਾਸ਼ਟਰੀ ਸੀਨੀਅਰ ਮੀਤ ਪ੍ਰਧਾਨ, ਜਸਵੀਰ ਸਿੰਘ ਮੰਨੂ ਰਾਸ਼ਟਰੀ ਮੀਤ ਪ੍ਰਧਾਨ ਨੇ ਆਏ ਹੋਏ ਬਜਰੰਗੀਆਂ ਦਾ ਧੰਨਵਾਦ ਕੀਤਾ । ਇਸ ਮੌਕੇ ਤੇ ਦਵਿੰਦਰ ਸਿੰਘ ਮਹਿਲਪੁਰੀ ਜ਼ਿਲ੍ਹਾ ਵਾਇਸ ਪ੍ਰਧਾਨ, ਟੋਨੀ ਹਾਂਡਾ ਸਿਟੀ ਪ੍ਰਧਾਨ, ਅਤੁਲ ਵਾਲੀਆ ਸਿਟੀ ਵਾਇਸ ਪ੍ਰਧਾਨ, ਸੰਜੂ ਸੰਜੀਵ ਹਲਕਾ ਚਬੇਵਾਲ ਪ੍ਰਧਾਨ, ਜੁਗਲ ਕਿਸ਼ੋਰ, ਪੁਸ਼ਪਿੰਦਰ, ਹੇਮਾ ਬੱਸੀ, ਮਨੀਸ਼ ਅਰੋੜਾ, ਰਣਜੋਧ ਸਿੰਘ ਰਾਣਾਂ, ਰਮਨ ਪਵਾਰ ਯੁਵਾ ਨੇਤਾ, ਰਾਹੁਲ ਰਾਣਾ, ਮੁਕਲ ਸ਼ਰਮਾ, ਉਂਕਾਰ ਸਿੰਘ, ਸੁਰਿੰਦਰ ਵਾਸੁਦੇਵ, ਸ਼ੀਤਲ, ਦੀਪਕ ਕੁਮਾਰ, ਗੁਰਪ੍ਰੀਤ ਸਿੰਘ, ਲਖਵੀਰ ਕੁਮਾਰ, ਲਖਵੀਰ ਕੁਮਾਰ, ਪਵਨਦੀਪ, ਗੌਰਵ ਕੁਮਾਰ, ਸੌਰਵ ਕੁਮਾਰ ਆਦਿ ਬਜਰੰਗੀ ਸ਼ਾਮਿਲ ਸਨ ।



**ਫੋਟੋ ਅਜਮੇਰ ਦੀਵਾਨਾ**

# ਵਾਤਾਵਰਨ - ਪ੍ਰੇਮੀ ਮਾਸਟਰ ਸੰਜੀਵ ਧਰਮਾਣੀ ਦਾ ਹੋਇਆ ਵਿਸ਼ੇਸ਼ -ਸਨਮਾਨ

## ਪਿਛਲੇ ਲਗਭਗ ਤਿੰਨ ਦਹਾਕਿਆਂ ਤੋਂ ਕਰ ਰਹੇ ਨੇ ਵਾਤਾਵਰਨ ਅਤੇ ਕੁਦਰਤ ਦੀ ਨਿਸ਼ਕਾਮ ਸੇਵਾ

**ਸ਼੍ਰੀ ਅਨੰਦਪੁਰ ਸਾਹਿਬ** ਆਸਰਾ ਫਾਊਂਡੇਸ਼ਨ (ਰਜਿ:) ਸ਼੍ਰੀ ਅਨੰਦਪੁਰ ਸਾਹਿਬ ਅਤੇ ਅਲਾਇੰਸ ਕਲੱਬ ਇੰਟਰਨੈਸ਼ਨਲ ਸ਼੍ਰੀ ਅਨੰਦਪੁਰ ਸਾਹਿਬ ਵਲੋਂ ਮਾਂ - ਬੋਲੀ ਪੰਜਾਬੀ ਅਤੇ ਸ਼ਿਵ ਕੁਮਾਰ ਬਟਾਲਵੀ ਜੀ ਦੀ ਯਾਦ ਨੂੰ ਸਮਰਪਿਤ ਸੰਗੀਤਕ ਪ੍ਰੋਗਰਾਮ ‘‘ ਇੱਕ ਸ਼ਾਮ ਗ਼ਜ਼ਲ ਦੇ ਨਾਮ ’’ ਅਤੇ ਸਨਮਾਨ ਸਮਾਗਮ ਸਥਾਨਕ ਵਿਰਾਸਤ-ਏ-ਖਾਲਸਾ (ਆਡੀਟੋਰੀਅਮ) ਵਿਖੇ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਪ੍ਰਸਿੱਧ ਗ਼ਜ਼ਲ ਗਾਇਕ ਸੁਨੀਲ ਡੋਗਰਾ ਨੇ ਗ਼ਜ਼ਲਾਂ ਦੀ ਛਹਿਬਰ ਲਗਾਕੇ ਸਰੋਤਿਆਂ ਨੂੰ ਮੰਤਰਮੁਗਧ ਕੀਤਾ। ਇਸ ਮੌਕੇ ਵਾਤਾਵਰਨ - ਪ੍ਰੇਮੀ ਸਟੇਟ ਐਵਾਰਡੀ ਤੇ ਇੰਡੀਆ ਬੁੱਕ ਆਫ ਰਿਕਾਰਡ ਹੋਲਡਰ ਮਾਸਟਰ ਸੰਜੀਵ ਧਰਮਾਣੀ ਦਾ ਉਹਨਾਂ ਦੀਆਂ ਵਾਤਾਵਰਨ ਅਤੇ ਕੁਦਰਤ ਪ੍ਰਤੀ ਨਿਭਾਈਆਂ ਜਾ ਰਹੀਆਂ ਨਿਸ਼ਕਾਮ ਸੇਵਾਵਾਂ ਦੇ ਲਈ ਵਿਸ਼ੇਸ਼ ਤੌਰ 'ਤੇ ਵਿਸ਼ਵ ਪੱਧਰ ਦੀਆਂ ਮਹਾਨ ਹਸਤੀਆਂ ਵਲੋਂ ਸਨਮਾਨ ਕੀਤਾ ਗਿਆ। ਇਹ ਦੱਸਣ ਯੋਗ ਹੈ ਕਿ ਮਾਸਟਰ ਸੰਜੀਵ ਧਰਮਾਣੀ ਲਗਭਗ ਪਿਛਲੇ 31 ਸਾਲਾਂ ਤੋਂ ਵਾਤਾਵਰਨ ਤੇ ਕੁਦਰਤ ਦੀ ਨਿਸ਼ਕਾਮ ਸੇਵਾ ਆਪਣੇ ਪੱਧਰ 'ਤੇ ਨਿਰੰਤਰ ਕਰਦੇ ਆ ਰਹੇ ਨੇ। ਇਸੇ ਦੇ ਤਹਿਤ ਉਹ ਆਪਣੇ ਪਾਸਿਓਂ ਖਰਚਾ ਕਰਕੇ ਆਪਣੇ ਪੱਧਰ 'ਤੇ ਪ੍ਰਾਈਵੇਟ ਨਰਸਰੀਆਂ ਤੋਂ ਪੌਦੇ ਖਰੀਦ ਕੇ ਨਿਰੰਤਰ ਲਗਾ ਰਹੇ ਨੇ ਤੇ ਜੀਵ - ਜੰਤੂਆਂ ਤੇ ਪੰਛੀਆਂ ਦੀ ਭਲਾਈ ਲਈ ਵੀ ਨਿਰੰਤਰ ਨਿਸ਼ਕਾਮ ਕਾਰਜ ਕਰ ਰਹੇ ਨੇ। ਜਦੋਂ ਇਸ ਸੰਬੰਧੀ ਮਾਸਟਰ ਸੰਜੀਵ ਧਰਮਾਣੀ ਨਾਲ਼ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਕਿਹਾ ਕਿ ਇਹ ਸਭ ਪਰਮਾਤਮਾ ਦੀ ਕਿਰਪਾ ਅਤੇ ਵਾਤਾਵਰਨ ਤੇ ਕੁਦਰਤ ਨਾਲ਼ ਮੇਰੇ ਪਿਆਰ ਦਾ ਹੀ ਨਤੀਜਾ ਹੈ ਕਿ ਮੈਂ ਇਸ ਸੇਵਾ ਦੇ ਨਾਲ਼ ਜੁੜਿਆ ਹੋਇਆ ਹਾਂ ਅਤੇ ਮੇਰਾ ਮੰਨਣਾ ਹੈ ਕਿ ਕੁਦਰਤ ਦੇ ਵਿੱਚ ਹੀ ਪਰਮਾਤਮਾ ਦਾ ਵਾਸ ਹੁੰਦਾ ਹੈ। ਇਸ ਮੌਕੇ ਸ. ਜੁਝਾਰ ਸਿੰਘ ਟਾਈਗਰ ਵਰਲਡ ਸਲੈਪ ਚੈਂਪੀਅਨ, ਸ. ਮਲਕੀਤ ਸਿੰਘ ਰੌਣੀ ਪ੍ਰਸਿੱਧ ਫਿਲਮ ਅਦਾਕਾਰ ਅਤੇ ਮਾਊਂਟ ਐਮਾ ਡਬਲੰਮ ਦੀ ਚੋਟੀ ਨੂੰ ਸਰ ਕਰਨ ਵਾਲੀ



ਪੰਜਾਬਣ ਸੁੱਖੀ ਬੱਲ ਇਸ ਪ੍ਰੋਗਰਾਮ ਵਿਚ ਵਿਸ਼ੇਸ਼ ਮਹਿਮਾਨ ਵੱਜੋਂ ਸ਼ਾਮਿਲ ਹੋਏ। ਇਸ ਮੌਕੇ 7 ਸਾਲ 6 ਮਹੀਨੇ ਦੀ ਉਮਰ ਵਿੱਚ ਅੰਨਪੂਰਨਾ ਸਰਕਟ ਨੇਪਾਲ (235 ਕਿ.ਮੀ) ਦੇ ਸਭ ਤੋਂ ਉੱਚੇ ਬਿੰਦੂ ਥਰੌਂਗਲਾ ਪਾਸ ਪਹੁੰਚਣ ਦਾ ਵਿਸ਼ਵ ਰਿਕਾਰਡ ਬਣਾਉਣ ਵਾਲਾ ਪਰਬਤਰੋਹੀ ਸ. ਤੇਗਬੀਰ ਸਿੰਘ, ਮਾਊਂਟ ਐਮਾ ਡਬਲੰਮ ਦੀ ਚੋਟੀ ਨੂੰ ਸਰ ਕਰਨ ਵਾਲੀ ਪਹਿਲੀ ਪੰਜਾਬਣ ਸੁੱਖੀ ਬੱਲ , ਡਾਕਟਰ ਗੁਰਸਾਗਰ ਸਿੰਘ ਚੀਫ ਲੀਵਰ ਟਰਾਂਸਪਲਾਂਟ ਸਰਜਨ ਡੀ.ਐਮ. ਸੀ. ਲੁਧਿਆਣਾ, ਪ੍ਰਸਿੱਧ ਐਂਕਰ ਰਾਜ ਘਈ , ਦਵਿੰਦਰਪਾਲ ਸਿੰਘ (ਪ੍ਰਧਾਨ ਅਲਾਇੰਸ ਕਲੱਬ ਸ਼੍ਰੀ ਅਨੰਦਪੁਰ ਸਾਹਿਬ), ਜਸਦੀਪ ਸਿੰਘ ਧਾਰੀਵਾਲ (ਪ੍ਰਧਾਨ ਆਸਰਾ ਫਾਊਂਡੇਸ਼ਨ), ਨਵੀਨ ਕੁਮਾਰ, ਪ੍ਰਸ਼ਾਂਤ ਵੋਹਰਾ (ਕੈਨੇਡਾ), ਜਗਜੀਤ ਸਿੰਘ, ਮਾ. ਸੰਜੀਵ ਧਰਮਾਣੀ, ਅੰਕੁਸ਼ ਕੁਮਾਰ, ਸਤਿੰਦਰਪਾਲ ਸਿੰਘ, ਅਜੇ ਕੁਮਾਰ, ਦੁਰੋਹੀਨ ਘਈ, ਧੀਰਜ ਘਈ, ਕੁਲਦੀਪ ਸਿੰਘ ਬੜਵਾ, ਨਵਜੀਤ ਸਿੰਘ ਸੰਧੂ , ਹਰਜੀਤ ਸਿੰਘ ਜੀਤਾ ਸਾਬਕਾ ਪ੍ਰਧਾਨ ਨਗਰ ਕੌਂਸਲ, ਇੰਦਰਜੀਤ ਸਿੰਘ ਅਰੋੜਾ ਪ੍ਰਧਾਨ ਵਪਾਰ ਮੰਡਲ, ਹਰਪ੍ਰੀਤ ਸਿੰਘ ਬੇਦੀ ਗਾਰਮੈਂਟਸ, ਐਡ.ਅਸ਼ੋਕ ਮਨੋਚਾ, ਸੁਦਰਸ਼ਨ ਚੋਧਰੀ , ਸੀ. ਪੀ. ਸਿੰਘ ਚੀਫ ਇੰਜੀਨੀਅਰ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਬੀ.ਬੀ.ਐਮ.ਬੀ, ਭੁਪਿੰਦਰ ਸਿੰਘ ਚਾਨਾ ਐਕਸੀਅਨ ਵਿਰ-ਾਸਤ- ਏ- ਖਾਲਸਾ, ਰਜੇਸ਼ ਵਾਸੁਦੇਵਾ ਚੀਫ ਇੰਜੀਨੀਅਰ ਐਨ. ਐਫ. ਐਲ., ਸੰਦੀਪ ਕੁਮਾਰ ਤਹਿਸੀਲਦਾਰ ਸ਼੍ਰੀ ਅਨੰਦਪੁਰ ਸਾਹਿਬ, ਬਲਵੰਤ ਸਿੰਘ ਤਹਿਸੀਲਦਾਰ ਹੁਸ਼ਿਆਰਪੁਰ, ਮੈਡਮ ਜਸਵਿੰਦਰ ਕੌਰ ਨਾਇਬ ਤਹਿਸੀਲਦਾਰ ਨੂਰਪੁਰ ਬੇਦੀ, ਦੀਪਕ ਸੋਨੀ ਮੀਡੀਆ ਕੁਆਰਡੀਨੇਟਰ , ਡਾ. ਹਰਦਿਆਲ ਸਿੰਘ ਪੰਨੂ ਸਾਬਕਾ ਗਵਰਨਰ ਅਲਾਇੰਸ ਕਲੱਬ, ਸ. ਚੰਨਣ ਸਿੰਘ ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ , ਪ੍ਰਿਤਪਾਲ ਸਿੰਘ ਗੰਡਾ ਪ੍ਰਧਾਨ ਵਪਾਰ ਮੰਡਲ, ਡਾਇਰੈਕਟਰ ਰਜਿੰਦਰ ਕਿਸਾਨਾਂ ਬਾਬਾ ਗੁਰਦਿੱਤਾ ਪਬਲਿਕ ਸਕੂਲ ਡੁਮੇਵਾਲ, ਦਵਿੰਦਰ ਸ਼ਰਮਾ ਪ੍ਰਿੰਸੀਪਲ ਬਜਰੂੜ, ਸੰਜੀਵ ਵਾਸੁਦੇਵਾ, ਐਸ. ਪੀ. ਸਿੰਘ, ਮਹਿੰਦਰਮੋਹਨ ਸਿੰਘ ਸਟੇਟ ਬੈਂਕ ਆਫ ਇੰਡੀਆ, ਡਾਕਟਰ ਭਰਤ ਜਸਵਾਲ, ਡਾਕਟਰ ਸਾਰਿਕਾ ਜਸਵਾਲ, ਆਤਮਾ ਸਿੰਘ ਘੱਟੀਵਾਲ ਸਾਬਕਾ ਬੈਂਕ ਅਫਸਰ, ਸਰਬਜੀਤ ਸਿੰਘ ਰੈਣੂ, ਸੁਖਿੰਦਰ ਸਿੰਘ, ਰਣਜੀਤ ਸਿੰਘ ਸੈਣੀ, ਮੈਡਮ ਅੰਜੂ ਬਾਲਾ, ਡਾ. ਗੁਰਪ੍ਰੀਤ ਕੌਰ, ਐਡ. ਜਗਵੰਤ ਸਿੰਘ ਮੀਆਂਪੁਰੀ, ਜਸਵਿੰਦਰ ਸਿੰਘ ਰਤਨ, ਪ੍ਰਸਿੱਧ ਗਾਇਕ ਗੁਰਮੁਖ ਮਟੌਰ, ਐਕਟਰ ਸੀਰਤ ਧਾਰੀਵਾਲ ਅਤੇ ਟੀਮ, ਬਘੇਲ ਬਾਵਾ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਮਨਦੀਪ ਸਿੰਘ, ਕਰਨੈਲ ਸਿੰਘ ਬਜਰੂੜ, ਕ੍ਰਿਕਟਰ ਅਮਨਜੀਤ ਸਿੰਘ, ਸਟੇਟ ਐਵਾਰਡੀ ਸੁਖਜੀਤ ਸਿੰਘ ਕੈਂਥ, ਸਤਨਾਮ ਕੌਰ, ਮਾ. ਸੁਖਜੀਤ ਸਿੰਘ, ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ , ਅੰਮ੍ਰਿਤ ਕੌਰ, ਲੈਕ. ਅਮਰਦੀਪ ਸਿੰਘ ਸੰਧੂ, ਬੀਬੀ ਸੁਰਿੰਦਰਪਾਲ ਕੌਰ, ਧਨਵੰਤ ਕੌਰ, ਪਰਮਪ੍ਰੀਤ ਕੌਰ, ਕਮਲਪ੍ਰੀਤ ਮੱਟੂ, ਸ਼ਮਸ਼ੇਰ ਸਿੰਘ, ਸੀਨੀਅਰ ਪੱਤਰਕਾਰ ਜਰਨੈਲ ਸਿੰਘ ਨਿੱਕੂਵਾਲ, ਡਾ.ਬਲਜੀਤ ਸਿੰਘ ਚਾਨਾ, ਸੁਖਵਿੰਦਰਪਾਲ ਸਿੰਘ, ਸ਼ਿਵ ਕੁਮਾਰ ਕਾਲੀਆ, ਜਗਦੇਵ ਸਿੰਘ ਦਿਲਬਰ, ਅਮਰੀਕ ਸਿੰਘ ਪੰਮੀ, ਸੰਦੀਪ ਭਾਰਦਵਾਜ, ਹਰਿੰਦਰ ਸਿੰਘ ਵਾਲੀਆ, ਚੁਵੇਸ਼ ਲਟਾਵਾ ਤੋਂ ਇਲਾਵਾ ਸੈਕੜੇ ਦਰਸ਼ਕ ਹਾਜ਼ਰ ਸਨ।.

# ਪੀ.ਏ ਯੂ. ਕੇ. ਵੀ.ਕੇ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਖਾਦਾਂ ਦੀ ਸੰਤੁਲਿਤ ਵਰਤੋਂ ਬਾਰੇ ਜਾਗਰੂਕ ਕੈਂਪ ਆਯੋਜਿਤ

**ਨਵਾਂ ਸ਼ਹਿਰ, 20 ਮਈ (ਮਨੋਰੰਜਨ ਕਾਲੀਆ)** ਪੰਜਾਬ ਖੇਤੀਬਾੜੀ ਯੂਨੀਵਰਸਿਟੀ-ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਸ਼ਹੀਦ ਭਗਤ ਸਿੰਘ ਨਗਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਆਈ.ਸੀ.ਏ ਆਰ-ਅਟਾਰੀ ਦੀ ਅਗਵਾਈ ਹੇਠ ਸਕੂਲ ਆਫ਼ ਐਮੀਨੈਂਸ ਵਿਖੇ "ਖਾਦਾਂ ਦੀ ਸੰਤੁਲਿਤ ਵਰਤੋਂ" ਵਿਸ਼ੇ 'ਤੇ ਇੱਕ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ। ਇਸ ਪ੍ਰੋਗਰਾਮ ਵਿੱਚ ਕੁੱਲ 108 ਪੇਂਡੂ ਨੌਜਵਾਨਾਂ ਨੇ ਸਰਗਰਮੀ ਨਾਲ ਹਿੱਸਾ ਲਿਆ।

ਡਾ. ਪ੍ਰਦੀਪ ਕੁਮਾਰ, ਐਸੋਸੀਏਟ ਡਾਇਰੈਕਟਰ (ਸਿਖਲਾਈ) ਨੇ ਏਕੀਕ੍ਰਿਤ ਪੌਸ਼ਟਿਕ ਪ੍ਰਬੰਧਨ (ਆਈਐਨਐਮ) ਰਾਹੀਂ ਸੰਤੁਲਿਤ ਖਾਦ ਦੀ ਵਰਤੋਂ ਦੀ ਮਹੱਤਤਾ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਮਿੱਟੀ ਦੀ ਉਪਜਾਊ ਸ਼ਕਤੀ ਬਣਾਈ ਰੱਖਣ ਅਤੇ ਟਿਕਾਊ ਖੇਤੀਬਾੜੀ ਉਤਪਾਦਕਤਾ ਨੂੰ ਯਕੀਨੀ ਬਣਾਉਣ ਲਈ ਜੈਵਿਕ ਖਾਦਾਂ ਅਤੇ ਜੈਵਿਕ-ਖਾਦਾਂ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਮਨੁੱਖੀ ਸਿਹਤ ਦੀ ਰੱਖਿਆ ਲਈ ਮਿੱਟੀ ਦੀ ਸਿਹਤ ਦੀ ਰੱਖਿਆ ਜ਼ਰੂਰੀ ਹੈ।

ਡਾ. ਰਾਜਿੰਦਰ ਕੌਰ, ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਪੇਂਡੂ ਕੁੜੀਆਂ ਅਤੇ ਔਰਤਾਂ ਵਿੱਚ ਕੁਪੋਸ਼ਣ ਨੂੰ ਦੂਰ ਕਰਨ ਲਈ ਸੰਤੁਲਿਤ ਖੁਰਾਕ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਦਾਖਲਾ ਪ੍ਰਕਿਰਿਆਵਾਂ ਅਤੇ ਵਿਦਿਅਕ ਮੌਕਿਆਂ ਬਾਰੇ ਵੀ ਮਾਰਗਦਰਸ਼ਨ ਕੀਤਾ। ਸ਼੍ਰੀਮਤੀ ਰੇਣੂ ਬਾਲਾ, ਡੈਮੋਸਟ੍ਰੇਟਰ (ਗ੍ਰਹਿ ਵਿਗਿਆਨ) ਨੇ ਭਾਗੀਦਾਰਾਂ ਨੂੰ ਕੇਵੀਕੇ ਦੁਆਰਾ ਪੇਂਡੂ ਕਿਸਾਨਾਂ ਅਤੇ ਔਰਤਾਂ ਲਈ ਚਲਾਏ ਜਾ ਰਹੇ ਵੱਖ-ਵੱਖ ਸਿਖਲਾਈ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਪ੍ਰੋਗਰਾਮ ਦੇ ਅੰਤ ਵਿੱਚ, ਸਕੂਲ ਆਫ਼ ਐਮੀਨੈਂਸ ਦੇ ਪ੍ਰਿੰਸੀਪਲ ਸ਼੍ਰੀ ਸਰਬਜੀਤ ਸਿੰਘ ਨੇ ਪੀ.ਏ.ਯੂ-ਕੇ.ਵੀ.ਕੇ ਦੇ ਪੇਂਡੂ ਨੌਜਵਾਨਾਂ ਵਿੱਚ ਟਿਕਾਊ ਖੇਤੀਬਾੜੀ, ਪੋਸ਼ਣ ਅਤੇ ਵਿਦਿਅਕ ਮੌਕਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਲਈ ਅਜਿਹਾ ਜਾਣਕਾਰੀ ਭਰਪੂਰ ਅਤੇ ਲਾਭਦਾਇਕ ਪ੍ਰੋਗਰਾਮ ਆਯੋਜਿਤ ਕਰਨ ਲਈ ਕੇਵੀਕੇ ਟੀਮ ਦਾ ਧੰਨਵਾਦ ਕੀਤਾ।

# ਮੋਰਿੰਡਾ ਨਗਰ ਕੌਂਸਲ ਚੋਣਾਂ: 15 ਵਾਰਡਾਂ ਵਿੱਚ 54 ਉਮੀਦਵਾਰ ਮੈਦਾਨ ਵਿੱਚ, ਮੁਕਾਬਲੇ ਦਿਲਚਸਪ ਹੋਏ

**ਮੋਰਿੰਡਾ, 20 ਮਈ (ਸੁਖਵਿੰਦਰ ਸਿੰਘ ਹੈਪੀ)-** ਨਗਰ ਕੌਂਸਲ ਮੋਰਿੰਡਾ ਦੀਆਂ ਚੋਣਾਂ ਨੂੰ ਲੈ ਕੇ ਸਿਆਸੀ ਮਾਹੌਲ ਪੂਰੀ ਤਰ੍ਹਾਂ ਗਰਮਾਇਆ ਹੋਇਆ ਹੈ। ਨਾਮਜ਼ਦਗੀ ਪੱਤਰਾਂ ਦੀ ਜਾਂਚ ਤੋਂ ਬਾਅਦ 15 ਵਾਰਡਾਂ ਵਿੱਚ ਕੁੱਲ 54 ਉਮੀਦਵਾਰ ਚੋਣ ਮੈਦਾਨ ਵਿੱਚ ਰਹਿ ਗਏ ਹਨ। ਜਦਕਿ 63 ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਸਨ, ਪਰ ਜਾਂਚ ਦੌਰਾਨ ਕੁਝ ਉਮੀਦਵਾਰਾਂ ਦੇ ਕਾਗਜ਼ ਰੱਦ ਹੋ ਗਏ ਅਤੇ ਕਈਆਂ ਨੇ ਆਪਣੇ ਨਾਮ ਵਾਪਸ ਲੈ ਲਏ। ਚੋਣ ਅਖਾੜੇ ਵਿੱਚ ਉਤਰੇ ਉਮੀਦਵਾਰਾਂ ਵੱਲੋਂ ਡੋਰ-ਟੂ-ਡੋਰ ਪ੍ਰਚਾਰ ਤੇਜ਼ ਕਰ ਦਿੱਤਾ ਗਿਆ ਹੈ। ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ, ਸ਼੍ਰੋਮਣੀ ਅਕਾਲੀ ਦਲ ਅਤੇ ਆਜ਼ਾਦ ਉਮੀਦਵਾਰਾਂ ਵਿਚਕਾਰ ਸਖ਼ਤ ਟੱਕਰ ਦੇਖਣ ਨੂੰ ਮਿਲ ਰਹੀ ਹੈ। ਵਾਰਡ ਨੰਬਰ 1 ਤੋਂ ਮਨਜੀਤ ਕੌਰ, ਬਲਵਿੰਦਰ ਕੌਰ ਅਤੇ ਹੋਰ ਉਮੀਦਵਾਰ ਮੈਦਾਨ ਵਿੱਚ ਹਨ। ਵਾਰਡ ਨੰਬਰ 2 ਵਿੱਚ ਮਹਿੰਦਰ ਸਿੰਘ ਢਿੱਲੋਂ ਸਮੇਤ ਕਈ ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ। ਵਾਰਡ ਨੰਬਰ 3, 4 ਅਤੇ 5 ਵਿੱਚ ਵੀ ਕਾਂਗਰਸ, ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਦੇ ਉਮੀਦਵਾਰਾਂ ਵਿਚਕਾਰ ਮੁਕ-ਾਬਲਾ ਰੋਚਕ ਬਣਿਆ ਹੋਇਆ ਹੈ। ਇਸੇ ਤਰ੍ਹਾਂ ਵਾਰਡ ਨੰਬਰ 6 ਤੋਂ 15 ਤੱਕ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਨੇ ਚੋਣ ਪ੍ਰਚਾਰ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਉਮੀਦਵਾਰ ਲੋਕਾਂ ਨਾਲ ਸੰਪਰਕ ਕਰਕੇ ਆਪਣੇ ਹੱਕ ਵਿੱਚ ਵੋਟਾਂ ਮੰਗ ਰਹੇ ਹਨ ਅਤੇ ਵਿਕਾਸ ਦੇ ਵਾਅਦੇ ਕਰ ਰਹੇ ਹਨ। ਸ਼ਹਿਰ ਦੇ ਸਿਆਸੀ ਮਾਹਿਰਾਂ ਅਨੁਸਾਰ ਇਸ ਵਾਰ ਕਈ ਵਾਰਡਾਂ ਵਿੱਚ ਕੜੀ ਟੱਕਰ ਦੇਖਣ ਨੂੰ ਮਿਲ ਸਕਦੀ ਹੈ। ਵੋਟਰ ਵੀ ਆਪਣੇ ਇਲਾਕੇ ਦੇ ਵਿਕਾਸ, ਸਫਾਈ ਅਤੇ ਮੁੱਢਲੀਆਂ ਸੁਵਿਧਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਮੀਦਵਾਰਾਂ ਦੀ ਚੋਣ ਕਰਨ ਦੇ ਮੂਡ ਵਿੱਚ ਨਜ਼ਰ ਆ ਰਹੇ ਹਨ।

# ਸੂਰਜ ਚੰਨ ਸਿਤਾਰੇ ਜੁਗਨੂੰ

ਕਿੱਧਰ ਗਈ ਸਾਡੀ ਪੰਜਾਬੀਅਤ
ਹਰ ਇੱਕ ਚੀਜ਼ ਜੋ ਮੁਫ਼ਤ 'ਚ ਦਿੰਦੇ ,
ਉਨ੍ਹਾਂ ਤਾਈਂ ਜਿਤਾਉਂਦੇ ਰਹੀਏ ।
ਡਿੱਪੂਆਂ ਤੋਂ ਘੱਟ ਰੇਟ ਦਾ ਰਾਸ਼ਨ ,
ਗੱਡੀ 'ਤੇ ਧਰ ਲਿਆਉਂਦੇ ਰਹੀਏ ।
ਜੋ ਪੈਰ ਪੈਰ 'ਤੇ ਟੈਕਸ ਦਿੰਨੇਂ ਆਂ ,
ਓਸੇ 'ਚੋਂ ਇਹ ਸਭ ਕੁਝ ਮਿਲਦੈ ;
ਅਪਣੇ ਸਿਰ 'ਚ ਆਪਣੀਆਂ ਜੁੱਤੀਆਂ,
ਖ਼ੁਸ਼ੀ ਖ਼ੁਸ਼ੀ ਮਰਵਾਉਂਦੇ ਰਹੀਏ ।



**ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ -9914836037**

## ਪੰਜਾਬੀ ਵਿੱਚ ਤਬਦੀਲ ਕੀਤਾ ਗੀਤ

ਬਾਗਾਂ ਦੇ ਵਿੱਚ ਜਦ ਵੀ ਕੋਇਲ ਮਿੱਠੜੇ ਰਾਗ ਸੁਣਾਏ
ਓ ਪਰਦੇਸੀ ਦਿਲ ਵਿੱਚ ਤੇਰੀ ਰਹਿ ਰਹਿ ਯਾਦ ਸਤਾਏ।
ਸਦਰ ਬਾਜ਼ਾਰੋਂ ਮੇਰੇ ਮਾਹੀਆ
ਪੱਖੀ ਲੈ ਕੇ ਆਈ,
ਮਖ਼ਮਲ ਦੀ ਪੱਖੀ ਦੇ ਉੱਤੇ,
ਘੁੰਗਰੂ ਸੱਤ ਲਵਾਈ,
ਜਦ ਵੀ ਮੈਂ ਪੱਖੀ ਨੂੰ ਝੱਲਾਂ ਪਿਆਰ ਦੇ ਗੀਤ ਸੁਣਾਏ
ਓ ਪਰਦੇਸੀ ਦਿਲ ਵਿੱਚ ਤੇਰੀ ਰਹਿ ਰਹਿ ਯਾਦ ਸਤਾਏ।
ਰੋਜ਼ ਸਵੇਰੇ ਕਾਂ ਮੇਰੇ ਕੋਠੇ,
ਕਾਂ ਕਾਂ ਕਰਦਾ ਰਹਿੰਦਾ,
ਬਿਨ ਕਾਲੇ ਬੱਦਲਾਂ ਤੋਂ ਵੀ,
ਅੱਖਾਂ ਤੋਂ ਮੀਂਹ ਵਰ੍ਹਦਾ,
ਸ਼ੀਸ਼ਾ ਵੀ ਏ ਕਿੰਨਾ ਝੂਠਾ ਤੇਰੀ ਸ਼ਕਲ ਵਿਖਾਏ,
ਓ ਪਰਦੇਸੀ ਦਿਲ ਵਿੱਚ ਤੇਰੀ ਰਹਿ ਰਹਿ ਯਾਦ ਸਤਾਏ।
ਸਾਰਾ ਕੁਝ ਮੈਂ ਛੱਡ ਕੇ ਸਜਣਾ
ਤੁਰ ਤੇਰੇ ਘਰ ਆਈ,
ਇੱਕ ਪਲ ਵਿੱਚ ਮੇਰੀ ਸਾਰੀ ਦੁਨੀਆਂ,
ਲੱਗਦੀ ਮੈਨੂੰ ਪਰਾਈ,
ਭੈਣ ਭਰਾ ਤੇ ਮਾਂ ਪੇ ਮੇਰੇ ਭੁੱਲਦੇ ਨਹੀਂ ਭੁਲਾਏ,
ਓ ਪਰਦੇਸੀ ਦਿਲ ਵਿੱਚ ਤੇਰੀ ਰਹਿ ਰਹਿ ਯਾਦ ਸਤਾਏ।
ਦੇਸ਼ ਦੀ ਖ਼ਾਤਿਰ ਤੂੰ ਸਰਹੱਦ ਤੇ
ਆਪਣਾ ਫ਼ਰਜ਼ ਨਿਭਾਈਂ,
ਛੇਤੀ ਛੇਤੀ ਓ ਮੇਰੇ ਫ਼ੌਜੀ,
ਵਾਪਸ ਘਰ ਨੂੰ ਆਈਂ
ਵਾਹਿਗੁਰੂ ਦਾ ਹੱਥ ਸਿਰ ਉੱਤੇ ਡਰ ਨੂੰ ਦੂਰ ਭਜਾਏ
ਓ ਪਰਦੇਸੀ ਦਿਲ ਵਿੱਚ ਤੇਰੀ ਰਹਿ ਰਹਿ ਯਾਦ ਸਤਾਏ।



ਕਮਲ ਭਾਸਕਰ
ਜਲੰਧਰ
9464252911

# ਮੇਰੀ ਅੰਮੜੀ

ਮੇਰੀ ਅੰਮੜੀ, ਮੇਰੀ ਮਾਂ,
ਸਲੇਟੀ ਚੁੰਨੀ 'ਚ ਲਿਪਟੀ ਠੰਢੀ ਛਾਂ।
ਅੱਖਾਂ ਉੱਤੇ ਐਨਕ, ਚਿਹਰੇ 'ਤੇ ਨੂਰ,
ਤੇਰੀ ਮਮਤਾ ਦੇ ਸਾਗਰ ਦਾ ਨਾ ਕੋਈ ਛੋਰ।

ਪਿਤਾ ਦੀ ਕਮੀਂ ਮਹਿਸੂਸ ਨਾ ਹੋਣ ਦਿੱਤੀ,
ਮਾਂ ਤੇ ਬਾਪ ਦੀ ਭੂਮਿਕਾ ਇਕੱਲੀ ਨੇ ਨਿਭਾਈ।
ਨਾ ਡੋਲਣ ਦਿੱਤਾ, ਨਾ ਕਦੇ ਝੁਕਣ ਦਿੱਤਾ,
ਹਰ ਤੂਫ਼ਾਨ ਅੱਗੇ ਢਾਲ ਬਣ ਕੇ ਖੜ੍ਹੀ।

ਕਿਹਾ, "ਪੁੱਤ ਪੜ੍ਹ, ਅਸਮਾਨਾਂ ਨੂੰ ਛੂਹ ਜਾ,
ਹਰ ਖੇਤਰ ਵਿੱਚ ਤੂੰ ਮੱਲਾਂ ਮਾਰ ਜਾ।
ਹਰ ਹੁਨਰ ਸਿੱਖ, ਬਣ ਤੂੰ ਮਿਸਾਲ,
ਤੇਰੇ ਹੌਂਸਲੇ ਤੋਂ ਹਾਰੇ ਇਹ ਕਾਲ।"

ਧੀ ਨਾ ਗਿਣਿਆ, ਪੁੱਤਰਾਂ ਵਾਂਗ ਪਿਆਰ ਦਿੱਤਾ,
ਮੇਰੇ ਸੁਪਨਿਆਂ ਨੂੰ ਆਕਾਸ਼ ਦਿੱਤਾ।
ਨਾ ਬੋਲਾਂ ਨਾਲ ਬੰਨ੍ਹਿਆ, ਨਾ ਰੋਕ-ਟੋਕ ਕੀਤੀ,
ਬੱਸ ਉਡਾਰੀ ਲਈ ਖੁੱਲ੍ਹਾ ਅੰਬਰ ਦਿੱਤਾ।

ਮੇਰੀ ਪਹਿਲੀ ਗੁਰੂ ਤੂੰ ਅੰਮੜੀਏ,
ਤੇਰੀ ਗੋਦੀ ਪਹਿਲਾ ਗੁਰੂਕੁਲ ਮੇਰਾ।
ਤੇਰੇ ਸਬਰ ਵਿੱਚ ਗੀਤਾ ਦਾ ਗਿਆਨ,
ਤੇਰੀ ਚੁੱਪ ਵਿੱਚ ਬਾਬਿਆਂ ਦਾ ਧਿਆਨ।

ਅਮਰਜੀਤ ਕੌਰ ਹੈ ਪਾਵਨ ਨਾਂ ਤੇਰਾ,
'ਅਮਰ' ਹੈ ਮਮਤਾ, 'ਜੀਤ' ਹੈ ਚਿਹਰਾ।
ਤੇਰੇ ਕਰਜ਼ੇ ਨਾ ਉਤਰਨੇ ਸੱਤ ਜਨਮਾਂ 'ਚ ਵੀ,
ਤੂੰ ਹੀ ਮੇਰੀ ਪੂੰਜੀ, ਤੂੰ ਹੀ ਮੇਰੀ ਕਮਾਈ।

ਇਹ ਫੁੱਲਾਂ ਵਾਲਾ ਗੁਲਦਸਤਾ ਵੀ ਫਿੱਕਾ,
ਤੇਰੇ ਰੂਪ ਦੇ ਸਾਹਮਣੇ ਲੱਗੇ ਸੁੱਕਾ।
ਬੱਸ ਰੱਬ ਅੱਗੇ ਇੱਕੋ ਅਰਦਾਸ ਮੇਰੀ,
ਤੇਰੀ ਠੰਢੀ ਮਿੱਠੀ ਛਾਂ ਸਦਾ ਬਣੀ ਰਹੇ ਮੇਰੀ।



**ਪਰਮਜੀਤ ਕੌਰ ਹੈਡਮਿਸਟ੍ਰੈਸ ਸਰਕਾਰੀ
ਹਾਈ ਸਕੂਲ ਥੂਹੀ**

# ਜ਼ਿੰਦਗੀ – ਮੌਤ ਦੀ ਮਾਂ

ਜ਼ਿੰਦਗੀ – ਮੌਤ ਦੀ ਮਾਂ ਹੈ; ਜਿਸ ਨੂੰ ਜਨਮ ਦਿੰਦੀ ਹੈ, ਅਖੀਰ ਉਸੇ ਨੂੰ ਆਪਣੀ ਗੋਦ ਵਿੱਚ ਸਮੇਟ ਲੈਂਦੀ ਹੈ।
ਕੀ ਕਿਸੇ ਨੇ ਮੌਤ ਨੂੰ ਕਦੇ ਨੀਂਦ ਵਿੱਚ ਤੁਰਦਿਆਂ ਦੇਖਿਆ ਹੈ, ਤੇ ਜ਼ਿੰਦਗੀ ਉਸ ਦੀ ਗੋਦ ਵਿੱਚ ਸੁੱਤੀ ਹੋਵੇ?
ਅਸੀਂ ਮੌਤ ਨੂੰ ਸ਼ਾਇਦ ਨੀਂਦ ਦੀਆਂ ਛਾਵਾਂ ਵਿੱਚ ਦੇਖ ਸਕਦੇ ਹਾਂ, ਸੁਪਨਿਆਂ ਦੀ ਰੌਸ਼ਨੀ ਵਿੱਚ ਨਹੀਂ।
ਵੈਣ – ਮੌਤ ਦੇ ਗੀਤ ਹਨ ਅਤੇ ਚੀਕਾਂ ਉਸ ਦੇ ਹਾਸੇ ਦੀ ਗੂੰਜ।
ਜਦੋਂ ਮੈਂ ਮੌਤ ਨੂੰ ਮਿਲਾਂਗਾ, ਮੈਂ ਸਿਰਫ਼ ਇੱਕ ਸਵਾਲ ਪੁੱਛਾਂਗਾ – “ਦੱਸ, ਤੂੰ ਆਪ ਕਿੰਨਾ ਚਿਰ ਜਿਊਂਦੀ ਹੈਂ?”
ਅਸੀਂ ਮੌਤ ਬਾਰੇ ਘੱਟ ਸੋਚਦੇ ਹਾਂ, ਪਰ ਮੌਤ ਤੋਂ ਬਾਅਦ ਦੇ ਭੇਦਾਂ ਵਿੱਚ ਜ਼ਿਆਦਾ ਉਲਝੇ ਰਹਿੰਦੇ ਹਾਂ।
ਮੌਤ ਦਾ ਸਾਡੇ ਉੱਤੇ ਕੋਈ ਹੁਕਮ ਨਹੀਂ; ਅਸੀਂ ਹੀ ਉਮਰ ਭਰ ਉਸ ਦੀ ਉਡੀਕ ਦੇ ਰਸਤੇ ਬਣਾਉਂਦੇ ਰਹਿੰਦੇ ਹਾਂ।
ਮੌਤ ਚੁੱਪ ਨੂੰ ਪਿਆਰ ਕਰਦੀ ਹੈ, ਪਰ ਅਸੀਂ ਉਸ ਦਾ ਸਵਾਗਤ ਚੀਕਾਂ ਅਤੇ ਅੱਥਰੂਆਂ ਨਾਲ ਕਰਦੇ ਹਾਂ।
ਮੌਤ ਮੇਰੇ ਨਾਲ ਹੀ ਮਰ ਜਾਵੇਗੀ, ਕਿਉਂਕਿ ਉਹ ਮੇਰੇ ਨਾਲ ਹੀ ਜਨਮੀ ਸੀ।
ਜਦੋਂ ਸਰੀਰ ਥੱਕਦਾ ਹੈ, ਉਸ ਨੂੰ ਨੀਂਦ ਦੀ ਲੋੜ ਹੁੰਦੀ ਹੈ; ਜਦੋਂ ਰੂਹ ਥੱਕਦੀ ਹੈ, ਸ਼ਾਇਦ ਉਸ ਨੂੰ ਮੌਤ ਦੀ।
ਮੌਤ ਇੱਕੋ-ਇੱਕ ਅਜਿਹਾ ਮਹਿਮਾਨ ਹੈ, ਜੋ ਕਿਸੇ ਦੇ ਘਰ ਵਿੱਚ ਲੰਮਾ ਸਮਾਂ ਨਹੀਂ ਠਹਿਰਦਾ।
ਮਨੁੱਖ ਮੌਤ ਤੋਂ ਉਦੋਂ ਤੱਕ ਹੀ ਡਰਦਾ ਹੈ, ਜਦੋਂ ਤੱਕ ਉਹ ਉਸ ਦੇ ਸਾਹਮਣੇ ਨਹੀਂ ਆ ਖੜ੍ਹਦੀ।



**ਸੁਰਜੀਤ ਸਿੰਘ ਭੁੱਲਰ**



# ਬਲਾਚੌਰ ਅਕਾਲੀ ਦਲ ਵੱਲੋਂ ਚੋਣਾਂ ਲਈ ਰਣਨੀਤੀ ਤਿਆਰ; ਜਲਦ ਬੂਥ ਕਮੇਟੀਆਂ ਗਠਿਤ ਕਰਨ ਦੀ ਅਪੀਲ : ਹਨੀ ਟੌਂਸਾ

**ਬਲਾਚੌਰ, 20 ਮਈ ( ਜਤਿੰਦਰ ਪਾਲ ਸਿੰਘ ਕਲੇਰ )**ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪਾਰਟੀ ਹਾਈਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਅੱਜ ਹਲਕਾ ਬਲਾਚੌਰ ਦੇ ਮੁੱਖ ਦਫ਼ਤਰ ਵਿਖੇ ਇੱਕ ਅਹਿਮ ਤੇ ਹੰਗਾਮੀ ਮੀਟਿੰਗ ਸੱਦੀ ਗਈ। ਇਹ ਮੀਟਿੰਗ ਹਲਕਾ ਇੰਚਾਰਜ ਹਨੀ ਟੌਂਸਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹਲਕਾ ਬਲਾਚੌਰ ਦੇ ਸਾਰੇ ਸਰਕਲ ਪ੍ਰਧਾਨਾਂ ਅਤੇ ਸੀਨੀਅਰ ਆਗੂਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਚੋਣਾਂ ਦੀਆਂ ਤਿਆਰੀਆਂ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਵਿਸ਼ੇਸ਼ ਰਣਨੀਤੀ ਉਲੀਕੀ ਗਈ। ਹਲਕਾ ਇੰਚਾਰਜ ਹਨੀ ਟੌਂਸਾ ਨੇ ਸਮੂਹ ਸਰਕਲ ਪ੍ਰਧਾਨਾਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਸੁਝਾਅ ਦਿੱਤਾ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚ ਬੂਥ ਲੈਵਲ ਕਮੇਟੀਆਂ ਦਾ ਗਠਨ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ ਇਸ ਦੇ ਨਾਲ ਹੀ ਪਾਰਟੀ




ਨੂੰ ਮਜ਼ਬੂਤ ਕਰਨ ਲਈ ਬੂਥ ਲੈਵਲ ਏਜੰਟ ਨਿਯੁਕਤ ਕਰਨ ਬਾਰੇ ਚਰਚਾ ਕੀਤੀ ਗਈ। ਹਨੀ ਟੌਂਸਾ ਨੇ ਸਰਕਲ ਪ੍ਰਧਾਨਾਂ ਨੂੰ ਅਪੀਲ ਕੀਤੀ ਕਿ ਉਹ ਇੱਕ ਹਫ਼ਤੇ ਦੇ ਅੰਦਰ-ਅੰਦਰ ਇਹ ਸਾਰੀ ਲਿਸਟ ਤਿਆਰ ਕਰਕੇ ਪਾਰਟੀ ਦੇ ਮੁੱਖ ਹੈੱਡਕੁਆਰਟਰ ਨੂੰ ਭੇਜਣਾ ਯਕੀਨੀ ਬਣਾਉਣ, ਤਾਂ ਜੋ ਚੋਣ ਸਰਗਰਮੀਆਂ ਨੂੰ ਹੋਰ ਤੇਜ਼ ਕੀਤਾ ਜਾ ਸਕੇ।ਇਸ ਹੰਗਾਮੀ ਬੈਠਕ ਵਿੱਚ ਹੋਰਨਾਂ ਤੋਂ ਇਲਾਵਾ ਸੁਰਜੀਤ ਕੋਹਲੀ ਸਰਪੰਚ ਸਰਕਲ ਪ੍ਰਧਾਨ ਜ਼ੋਨ ਰੱਤੇਵਾਲ, ਮਾਸਟਰ ਦੇਵਰਾਜ ਸਰਕਲ ਪ੍ਰਧਾਨ ਜ਼ੋਨ ਪੋਜੇਵਾਲ, ਸ਼ਮੀ ਉਧਨੋਵਾਲ ਸਰਕਲ ਪ੍ਰਧਾਨ ਜ਼ੋਨ ਟਕਾਰਲਾ, ਸੁਖਵਿੰਦਰ ਸਿੰਘ ਸਰਕਲ ਪ੍ਰਧਾਨ ਜ਼ੋਨ ਗੜ੍ਹੀ ਕਾਨੂੰਗੋ, ਪਰਮਜੀਤ ਸਰਕਲ ਪ੍ਰਧਾਨ ਜ਼ੋਨ ਰੈਲ ਮਾਜਰਾ, ਪਵਨ ਕੁਮਾਰ ਕੁੱਕੜ ਸੂਹਾ ਸਰਕਲ ਪ੍ਰਧਾਨ ਮਾਲੇਵਾਲ ਕੰਢੀ, ਮੋਹਨ ਸਿੰਘ ਟੱਪਰੀਆਂ ਸਰਕਲ ਪ੍ਰਧਾਨ ਬਛੌੜੀ, ਰਾਣਾ ਰਣਦੀਪ ਸਿੰਘ ਪ੍ਰਧਾਨ ਸਰਕਲ ਬਲਾਚੌਰ ਅਤੇ ਗੁਰਦੀਪ ਸਿੰਘ ਸਰਕਲ ਪ੍ਰਧਾਨ ਮੁਜਾਰੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਮੌਕੇ ਦਲਜੀਤ ਸਿੰਘ ਮਣੇਵਾਲ ਸਰਪੰਚ, ਰਣਵੀਰ ਸਿੰਘ ਭੱਟੀ ਮੀਤ ਪ੍ਰਧਾਨ ਐਸ.ਸੀ. ਵਿੰਗ ਪੰਜਾਬ, ਸ੍ਰੀ ਨਰਿੰਦਰ ਚੇਚੀ ਜਿਲਾ ਪ੍ਰਧਾਨ ਬੀ ਸੀ ਵਿੰਗ ਸ਼ਹਿਰੀ,ਪ੍ਰਦੀਪ ਸਿੰਘ, ਸ਼ੰਕਰ ਸਰਪੰਚ ਮੀਤ ਪ੍ਰਧਾਨ ਬੀ.ਸੀ. ਵਿੰਗ ਅਤੇ ਗੋਪੀ ਢਿੰਡਸਾ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਅਤੇ ਅਹੁਦੇਦਾਰ ਮੌਜੂਦ ਸਨ।

# ਬਿਸਤ ਦੋਆਬ ਨਹਿਰ ਵਿੱਚ ਪਾਣੀ ਛੱਡਣ ਦੀ ਮੰਗ

**ਫਸਲਾਂ ਨੂੰ ਨਹੀਂ ਮਿਲ ਰਿਹਾ ਇਸ ਨਹਿਰ ਦਾ ਪਾਣੀ**







**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡੈਮੋਕ੍ਰੇਟਿਕ ਲਾਇਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾਈ ਕਨਵੀਨਰ ਦਲਜੀਤ ਸਿੰਘ ਐਡਵੋਕੇਟ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ ਅਤੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਨੇ ਸਿੰਚਾਈ ਵਿਭਾਗ ਕੋਲੋਂ ਬਿਸਤ ਦੋਆਬ ਨਹਿਰ ਵਿੱਚ ਛੇਤੀ ਪਾਣੀ ਛੱਡਣ ਦੀ ਮੰਗ ਕੀਤੀ ਹੈ। ਇਹ ਮੰਗ ਕਰਦਿਆਂ ਆਗੂਆਂ ਨੇ ਕਿਹਾ ਹੈ ਕਿ ਪਤਾ ਲੱਗਾ ਹੈ ਕਿ ਸਿੰਚਾਈ ਵਿਭਾਗ ਨਹਿਰ ਦੀ ਝਾਲ ਬਣਾਉਣ ਦਾ ਕੰਮ ਕਰ ਰਿਹਾ ਹੈ। ਉਹਨਾਂ ਕਿਹਾ ਕਿ ਵਿਭਾਗ ਨੂੰ ਇਹ ਕੰਮ ਮਾਰਚ ਅਪ੍ਰੈਲ ਮਹੀਨਿਆਂ ਵਿੱਚ ਮੁਕੰਮਲ ਕਰ ਲੈਣਾ ਚਾਹੀਦਾ ਸੀ।ਇਸ ਨਹਿਰ ਵਿੱਚ ਪਾਣੀ ਨਾ ਛੱਡੇ ਜਾਣ ਕਾਰਨ ਕਿਸਾਨਾਂ ਦੀਆਂ ਫਸਲਾਂ ਨੂੰ ਨਹਿਰੀ ਪਾਣੀ ਨਹੀਂ ਮਿਲ ਰਿਹਾ। ਮੱਕੀ, ਪਛੂਆਂ ਦਾ ਚਾਰਾ ਅਤੇ ਸਬਜੀਆਂ ਦੀਆਂ ਫਸਲਾਂ ਨੂੰ ਇਸ ਨਹਿਰ ਦਾ ਪਾਣੀ ਨਹੀਂ ਮਿਲ ਰਿਹਾ ਜਿਸ ਕਾਰਨ ਕਿਸਾਨ ਪ੍ਰੇਸ਼ਾਨ ਹਨ। ਉਹਨਾਂ ਕਿਹਾ ਕਿ ਇਸ ਨਹਿਰ ਦੇ ਪਾਣੀ ਨਾਲ ਸ਼ਹੀਦ ਭਗਤ ਸਿੰਘ ਨਗਰ, ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੀ ਜ਼ਮੀਨ ਦੀ ਸਿੰਚਾਈ ਹੁੰਦੀ ਹੈ।ਨਹਿਰ ਵਿੱਚ ਪਾਣੀ ਨਾ ਆਉਣ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਡਿੱਗਦਾ ਹੈ।

# ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ 'ਚ ਫਰੈਸ਼ਰ ਪਾਰਟੀ ਨਵਾਂ ਅਰਮਾਨ-ਨਵੀਂ ਉਡਾਣ 2026 ਦਾ ਆਯੋਜਨ

## ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੇ ਮਿਸ ਫਰੈਸ਼ਰ-2026 ਜੈਸਮੀਨ ਕੌਰ ਅਤੇ ਮਿਸਟਰ ਫਰੈਸ਼ਰ-2026 ਸੁਖਰਾਜ ਸਿੰਘ ਗਿੱਲ ਬਣੇ



ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ 'ਚ ਫਰੈਸ਼ਰ ਪਾਰਟੀ ਦੇ ਜੇਤੂਆਂ ਦਾ ਸਨਮਾਨ ਕਰਨ ਮੌਕੇ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਅਤੇ ਪਤਵੰਤੇ

**ਬੰਗਾ 20 ਮਈ (ਚਰਨਜੀਤ ਸੱਲ੍ਹਾ)** ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਜੀ.ਐਨ.ਐਮ. ਨਰਸਿੰਗ, ਬੀ.ਐਸ.ਸੀ. ਨਰਸਿੰਗ ਅਤੇ ਬੀ.ਐਸ.ਸੀ. ਪੋਸਟ ਬੇਸਿਕ ਨਰਸਿੰਗ ਕੋਰਸਾਂ ਵਿਚ ਦਾਖਲ ਨਵੇਂ ਵਿਦਿਆਰਥੀਆਂ ਨੂੰ ਜੀ ਆਇਆਂ ਕਹਿਣ ਲਈ ਫਰੈਸ਼ਰ ਪਾਰਟੀ ਨਵਾਂ ਅਰਮਾਨ-ਨਵੀਂ ਉਡਾਣ 2026 ਦਾ ਆਯੋਜਿਨ ਕੀਤਾ ਗਿਆ । ਜਿਸ ਦੇ ਮੁੱਖ ਮਹਿਮਾਨ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਸਨ ਅਤੇ ਉਹਨਾਂ ਨੇ ਆਪਣੇ ਕਮਲਾਂ ਨਾਲ ਸ਼ਮਾਂ ਰੌਸ਼ਨ ਕਰਕੇ ਸਮਾਰੋਹ ਦਾ ਸ਼ੁਭ ਆਰੰਭ ਕੀਤਾ। ਉਹਨਾਂ ਨੇ ਕਿਹਾ ਕਿ ਨਰਸਿੰਗ ਦਾ ਕਿੱਤਾ ਦੁਨੀਆ ਦਾ ਸਭ ਤੋਂ ਪ੍ਰਮੁੱਖ ਸਫਲ ਕਿੱਤਾ ਹੈ ਅਤੇ ਨਰਸਿੰਗ ਸਟਾਫ ਦੀ ਦੇਸ਼ ਵਿਦੇਸ਼ ਵਿਚ ਜ਼ਰੂਰਤ ਵੱਧ ਰਹੀ ਹੈ ਅਤੇ ਫਰੈਸ਼ਰ ਪਾਰਟੀ 2026 ਦਾ ਥੀਮ “ਨਵਾਂ ਅਰਮਾਨ - ਨਵੀਂ ਉਡਾਣ” ਸਿਰਫ ਇੱਕ ਥੀਮ ਨਹੀਂ, ਇਹ ਕਾਲਜ ਦੇ ਨਵੇਂ ਵਿਦਿਆਰਥੀ ਲਈ ਆਪਣੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਲਈ ਪ੍ਰੇਰਣਾ ਹੈ । ਉਹਨਾਂ ਨੇ ਨਵੇਂ ਵਿਦਿਆਰਥੀਆਂ ਦੀ ਸੁਨਿਹਰੀ ਭਵਿੱਖ ਲਈ ਕਾਮਨਾ ਵੀ ਕੀਤੀ। ਪ੍ਰਿੰਸੀਪਲ ਰਮਨਦੀਪ ਕੌਰ ਨੇ ਮਹਿਮਾਨਾਂ ਅਤੇ ਕਾਲਜ ਦੇ ਨਵੇਂ ਵਿਦਿਆਰਥੀਆਂ ਨੂੰ ਜੀ ਆਇਆਂ ਕਹਿੰਦੇ ਹੋਏ ਕਾਲਜ ਅਤੇ ਨਰਸਿੰਗ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਸਾਂਝੀ ਕੀਤੀ । ਇਸ ਮੌਕੇ ਉਹਨਾਂ ਸਮੂਹ ਵਿਦਿਆਰਥੀਆਂ ਨੂੰ ਅਨੁਸ਼ਾਸ਼ਨ ਵਿਚ ਰਹਿੰਦੇ ਹੋਏ ਨਰਸਿੰਗ ਦੀ ਪੜ੍ਹਾਈ ਵਿਚੋਂ ਟੌਪ ਪੁਜ਼ੀਸਨਾਂ ਹਾਸਲ ਕਰਕੇ ਆਪਣਾ, ਆਪਣੇ ਮਾਪਿਆਂ ਅਤੇ ਆਪਣੇ ਨਰਸਿੰਗ ਕਾਲਜ ਦਾ ਨਾਮ ਰੋਸ਼ਨ ਕਰਨ ਲਈ ਪ੍ਰੇਰਿਆ । ਫਰੈਸ਼ਰ ਪਾਰਟੀ ਨਵਾਂ ਅਰਮਾਨ-ਨਵੀਂ ਉਡਾਣ 2026 ਵਿਚ ਹੋਏ ਮਾਡਲਿੰਗ ਸ਼ੋਅ ਦੌਰਾਨ ਵਿਦਿਆਰਥੀਆਂ ਨੇ ਰੈਂਪ 'ਤੇ ਆਪਣੀ ਜਾਣ-ਪਹਿਚਾਣ, ਡਾਂਸ ਕਰਕੇ ਅਤੇ ਸਵਾਲਾਂ ਦੇ ਸ਼ਾਨਦਾਰ ਜਵਾਬ ਦੇ ਕੇ ਆਪਣੇ ਅੰਦਰ ਛੁਪੀ ਪ੍ਰਭਿਤਾ ਨਾਲ ਸਾਰਿਆਂ ਦਾ ਮਨ ਮੋਹ ਲਿਆ । ਇਸ ਸਖਤ ਮੁਕਾਬਲੇ ਵਿਚ ਜੀ.ਐਨ.ਐਮ. (ਪਹਿਲਾ ਸਾਲ) ਦੀ ਵਿਦਿਆਰਥਣ ਜੈਸਮੀਨ ਕੌਰ ਨੂੰ ਮਿਸ ਫਰੈਸ਼ਰ ਅਤੇ ਬੀ.ਐਸ.ਸੀ.(ਪਹਿਲਾ ਸਮੈਟਰ) ਦੇ ਵਿਦਿਆਰਥੀ ਸੁਖਰਾਜ ਸਿੰਘ ਗਿੱਲ ਨੂੰ ਮਿਸਟਰ ਫਰੈਸ਼ਰ ਚੁਣਿਆ ਗਿਆ । ਇਸ ਮੌਕੇ ਬੀ.ਐਸ. ਸੀ. (ਪਹਿਲਾ ਸਮੈਟਰ) ਦੀ ਵਿਦਿਆਰਥਣ ਤਨਵੀਰ ਕੌਰ ਅਤੇ ਵਿਦਿਆਰਥੀ ਸਮੀਰ ਫਸਟ ਰਨਰ ਅੱਪ ਚੁਣੇ ਗਏ, ਜਦੋਂ ਕਿ ਸਿਮਰਨ ਨੇ ਮਿਸ ਕੈਟਵਾਕ, ਨਵਨੀਤ ਕੌਰ ਨੇ ਮਿਸ ਸਮਾਈਲ ਅਤੇ ਮਨਜੋਤ ਕੌਰ ਨੇ ਮਿਸ ਅਟਾਇਰ ਦਾ ਖਿਤਾਬ ਹਾਸਲ ਕੀਤਾ। ਇਸ ਮੌਕੇ ਸਮਾਰੋਹ ਵਿਚ ਕਾਲਜ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ । ਵਿਦਿਆਰਥੀਆਂ ਨੇ ਕੋਰੀਓਗਰਾਫੀ, ਪੰਜਾਬੀ ਭੰਗੜਾ ਤੇ ਗਿੱਧਾ ਦੀਆਂ ਪੇਸ਼ਕਾਰੀਆਂ ਨਾਲ ਖ਼ੂਬ ਰੰਗ ਬੰਨ੍ਹਿਆ ਗਿਆ । ਇਸ ਮੌਕੇ ਜੱਜਾਂ ਦੀ ਅਹਿਮ ਜ਼ਿੰਮੇਵਾਰੀ ਮੈਡਮ ਰਾਬੀਆ ਹਾਟਾ, ਮੈਡਮ ਸ਼ੈਲਿਕਾ, ਮੈਡਮ ਸਰਬਜੀਤ ਕੌਰ ਨੇ ਅਦਾ ਕੀਤੀ । ਮੰਚ ਦਾ ਸੰਚਾਲਨ ਜੈਸਮੀਨ ਕੌਰ ਅਤੇ ਮਨਰੀਤ ਕੌਰ ਨੇ ਕੀਤਾ । ਇਸ ਫਰੈਸ਼ਰ ਪਾਰਟੀ ਵਿਚ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਲਈ ਦਵਿੰਦਰ ਸਿੰਘ ਢਿੱਲੋਂ ਟਰੱਸਟ ਮੈਂਬਰ, ਰਾਜਦੀਪ ਥਿਦਵਾਰ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ, ਮੈਡਮ ਸੁਖਮਿੰਦਰ ਕੌਰ, ਮੈਡਮ ਮਨਜਿੰਦਰ ਕੌਰ, ਮੈਡਮ ਵੰਦਨਾ ਬਸਰਾ, ਮੈਡਮ ਨਿਵੇਦਿਤਾ ਸ਼ਰਮਾ ਅਤੇ ਸਮੂਹ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ ।

# ਨੇਤਰਦਾਨ ਮੁਹਿੰਮ ਨੂੰ ਤੇਜ਼ ਕਰਨ ਲਈ ਪੰਜਾਬ ਸਰਕਾਰ ਹਰ ਤਰ੍ਹਾਂ ਨਾਲ ਸਹਿਯੋਗ ਕਰੇਗੀ - ਸਕੱਤਰ ਘਨਸ਼ਿਆਮ ਥੋਰੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਰੋਟਰੀ ਆਈ ਬੈਂਕ ਅਤੇ ਕੋਰਨੀਆਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਵੱਲੋਂ ਪ੍ਰਧਾਨ ਜੇ. ਬੀ. ਬਹਿਲ ਦੀ ਅਗਵਾਈ ਹੇਠ ਸਿਹਤ ਵਿਭਾਗ ਦੇ ਸਕੱਤਰ ਸ੍ਰੀ ਘਨਸ਼ਿਆਮ ਥੋਰੀ ਨਾਲ ਉਨ੍ਹਾਂ ਦੇ ਚੰਡੀਗੜ੍ਹ ਸਥਿਤ ਦਫ਼ਤਰ ਵਿੱਚ ਮੁਲ-ਾਕਾਤ ਕੀਤੀ ਗਈ। ਇਸ ਮੌਕੇ ਸੋਸਾਇਟੀ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਰੋਟਰੀ ਆਈ ਬੈਂਕ ਦੇ ਕਾਰਜਾਂ ਬਾਰੇ ਜਾਣੂ ਕਰਵਾਇਆ। ਇਸ ਦੌਰਾਨ ਪ੍ਰਧਾਨ ਜੇ. ਬੀ. ਬਹਿਲ ਨੇ ਸਿਹਤ ਸਕੱਤਰ ਨੂੰ ਦੱਸਿਆ ਕਿ ਰਾਜ ਵਿੱਚ ਕੋਰਨੀਆ ਬਲਾਈਂਡਨੈੱਸ ਨਾਲ ਪੀੜਤ ਲੋਕਾਂ ਦੀ ਗਿਣਤੀ ਕਾਫ਼ੀ ਵੱਧ ਹੈ, ਜਦਕਿ ਕੋਰਨੀਆ ਇਕੱਠੇ ਕਰਨ ਦੀ ਦਰ ਬਹੁਤ ਘੱਟ ਹੈ। ਉਨ੍ਹਾਂ ਨੇ ਬੇਨਤੀ ਕੀਤੀ ਕਿ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਨੂੰ ਨਿਰਦੇਸ਼ ਜਾਰੀ ਕੀਤੇ ਜਾਣ ਕਿ ਉਹ ਆਪਣੇ ਕੋਲ ਮੌਜੂਦ ਕੋਰਨੀਆ ਬਲਾਈਂਡ ਮਰੀਜ਼ਾਂ ਦੀਆਂ ਸੂਚੀਆਂ ਤੁਰੰਤ ਸੋਸਾਇਟੀ ਨੂੰ



ਮੁਹੱਈਆ ਕਰਵਾਉਣ, ਤਾਂ ਜੋ ਪੰਜਾਬ ਨੂੰ ਕੋਰਨੀਆ ਬਲਾਈਂਡਨੈੱਸ ਤੋਂ ਮੁਕਤ ਕਰਨ ਦੇ ਮਿਸ਼ਨ ਨੂੰ ਸਫਲ ਬਣਾਇਆ ਜਾ ਸਕੇ।ਇਸ ਤੋਂ ਇਲਾਵਾ ਸ੍ਰੀ ਬਹਿਲ ਨੇ ਮੰਗ ਕੀਤੀ ਕਿ ਜੋ ਵਿਅਕਤੀ ਨੇਤਰਦਾਨ ਕਰਦਾ ਹੈ, ਉਸ ਦੇ ਪਰਿਵਾਰ ਨੂੰ ਆਜ਼ਾਦੀ ਦਿਵਸ ਜਾਂ ਗਣਤੰਤਰ ਦਿਵਸ ਮੌਕੇ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਵਿੱਚ ਇਸ ਦੀ ਸ਼ੁਰੂਆਤ ਹੋ ਚੁੱਕੀ ਹੈ ਅਤੇ ਇਹ ਪ੍ਰਥਾ ਪੂਰੇ ਪੰਜਾਬ ਵਿੱਚ ਲਾਗੂ ਕੀਤੀ ਜਾਣੀ ਚਾਹੀਦੀ ਹੈ।ਉਨ੍ਹਾਂ ਇਹ ਵੀ ਮੰਗ ਰੱਖੀ ਕਿ ਪੰਜਾਬ ਵਿੱਚ ਲਾਵਾਰਿਸ ਮ੍ਰਿਤਕਾਂ ਦੇ ਕੋਰਨੀਆ ਪ੍ਰਾਪਤ ਕਰਨ ਲਈ ਵੀ ਨਿਰਦੇਸ਼ ਜਾਰੀ ਕੀਤੇ ਜਾਣ, ਤਾਂ ਜੋ ਕੋਰਨੀਆ ਬਲਾਈਂਡਨੈੱਸ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ ਘਟਾਈ ਜਾ ਸਕੇ। ਇਸਦੇ ਨਾਲ ਹੀ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਨੂੰ ਨੇਤਰਦਾਨ ਜਾਗਰੂਕਤਾ ਮੁਹਿੰਮ ਨੂੰ ਤੇਜ਼ ਕਰਨ ਲਈ ਵੱਡੇ ਹੋਰਡਿੰਗ ਲਗਾਉਣ ਦੇ ਨਿਰਦੇਸ਼ ਵੀ ਜਾਰੀ ਕੀਤੇ ਜਾਣ। ਇਸ ਮੌਕੇ ਸਿਹਤ ਵਿਭਾਗ ਦੇ ਸਕੱਤਰ ਸ੍ਰੀ ਘਨਸ਼ਿਆਮ ਥੋਰੀ ਨੇ ਸੋਸਾਇਟੀ ਦੇ ਕੰਮਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਪੰਜਾਬ ਨੂੰ ਕੋਰਨੀਆ ਬਲਾਈਂਡਨੈੱਸ ਤੋਂ ਮੁਕਤ ਕਰਨ ਲਈ ਸੋਸਾਇਟੀ ਵੱਲੋਂ ਚੁੱਕਿਆ ਗਿਆ ਕਦਮ ਕਾਬਿਲ-ਏ-ਤਾਰੀਫ਼ ਹੈ। ਉਨ੍ਹਾਂ ਕਿਹਾ ਕਿ ਕਿਸੇ ਦੀ ਹਨ੍ਹੇਰੀ ਜ਼ਿੰਦਗੀ ਨੂੰ ਰੌਸ਼ਨ ਕਰਨਾ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ।

# ਝੋਨੇ ਦੀ ਸਿੱਧੀ ਬਿਜਾਈ ਕਰਕੇ 1500 ਰੁਪਏ ਪ੍ਰਤੀ ਏਕੜ ਦਾ ਲਾਭ ਲੈਣ ਕਿਸਾਨ - ਡਾ. ਲੇਖ ਰਾਜ ਮਾਹੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੀ ਮੁਹਿੰਮ ਤਹਿਤ ਝੋਨੇ ਦੀ ਸਿੱਧੀ ਬਿਜਾਈ ਦੀ ਸਕੀਮ ਸਾਲ 2026 ਵਿੱਚ ਚਲਾਈ ਜਾ ਰਹੀ ਹੈ। ਇਸ ਤਹਿਤ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਸ. ਗੁਲਪ੍ਰੀਤ ਸਿੰਘ ਔਲਖ ਆਈਏਐਸ ਦੇ ਦਿਸ਼ਾ ਨਿਰਦੇਸ਼ ਅਨੁਸਾਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਸ਼ਹੀਦ ਭਗਤ ਸਿੰਘ ਨਗਰ ਦੇ ਅਧਿਕਾਰੀਆਂ ਵੱਲੋਂ ਸ. ਸਤਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਪਿੰਡ ਕੰਗਲੌੜ ਵਿਖੇ ਪ੍ਰਦਰਸ਼ਨਨੀ ਪਲਾਟ ਬਿਜਾਇਆ ਗਿਆ। ਇਸ ਮੌਕੇ ਤੇ ਕਿਸਾਨ ਸ. ਸਤਿੰਦਰ ਸਿੰਘ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਉਹ ਸਾਲ 2019 ਤੋਂ ਤਕਰੀਬਨ 17 ਏਕੜ ਏਰੀਏ ਵਿੱਚ ਝੋਨੇ ਦੀ ਸਿੱਧੀ ਬਿਜਾਈ ਸਫਲਤਾ ਪੂਰਵਕ ਕਰ ਰਿਹਾ ਹੈ।ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ. ਲੇਖ ਰਾਜ ਮਾਹੀ ਵੱਲੋਂ ਜਾਣਕਾਰੀ ਦਿੱਤੀ ਗਈ



ਕਿ ਝੋਨੇ ਦੀ ਸਿੱਧੀ ਬਿਜਾਈ ਨਾਲ ਲੇਬਰ ਦੀ ਬਚਤ ਦੇ ਨਾਲ-ਨਾਲ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕਦਾ ਹੈ। ਉਹਨਾਂ ਵੱਲੋਂ ਦੱਸਿਆ ਗਿਆ ਕਿ ਝੋਨੇ ਦੀ ਸਿੱਧੀ ਬਿਜਾਈ ਨਾਲ ਤਕਰੀਬਨ 20 ਤੋਂ 25% ਪਾਣੀ ਨੂੰ ਬਚਾਇਆ ਜਾ ਸਕਦਾ ਹੈ। ਉਹਨਾਂ ਵੱਲੋਂ ਦੱਸਿਆ ਗਿਆ ਕਿ ਇਸ ਤਕਨੀਕ ਨਾਲ ਝੋਨੇ ਦੀ ਬਜਾਈ ਕਰਨ ਲਈ ਖੇਤ ਦੀ ਪੂਰੀ ਵਿਉਂਤਬੰਦੀ ਕਰਨੀ ਜਰੂਰੀ ਹੈ ਤਾਂ ਜੋ ਕਿ ਨਦੀਨਾਂ ਤੋਂ ਬਚਿਆ ਜਾ ਸਕੇ। ਉਹਨਾਂ ਵੱਲੋਂ ਦੱਸਿਆ ਗਿਆ ਕਿ ਜੇਕਰ ਕਿਸਾਨ ਸਹੀ ਤਰੀਕੇ ਨਾਲ ਇਸੇ ਦੀ ਬਜਾਈ ਕਰਦਾ ਹੈ ਤਾਂ ਇਸ ਦਾ ਝਾੜ ਵੀ ਕੱਦੂ ਕੀਤੇ ਝੋਨੇ ਦੇ ਬਰਾਬਰ ਹੀ ਨਿਕਲਦਾ ਹੈ। ਉਹਨਾਂ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਜੋ ਵੀ ਕਿਸਾਨ ਝੋਨੇ ਦੀ ਸਿੱਧੀ ਬਜਾਈ ਕਰਦਾ ਹੈ ਉਸ ਨੂੰ ਸਰਕਾਰ ਵੱਲੋਂ 1500 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ ਮੁਹਈਆ ਕਰਵਾਈ ਜਾਵੇਗੀ, ਇਸ ਲਈ ਕਿਸਾਨਾਂ ਨੂੰ agirmacih-nerypb.com ਪੋਰਟਲ ਤੇ ਰਜਿਸਟਰ ਕਰਨਾ ਜਰੂਰੀ ਹੈ। ਉਨਾਂ ਵੱਲੋਂ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਜੋ ਵੀ ਕਿਸਾਨ ਝੋਨੇ ਦੀ ਸਿੱਧੀ ਬਜਾਈ ਕਰਨਾ ਚਾਹੁੰਦੇ ਹਨ ਉਹ ਕਿਸਾਨ ਆਪਣੇ ਸਬੰਧਤ ਬਲਾਕ ਖੇਤੀਬਾੜੀ ਅਫਸਰ ਨਾਲ ਤੁਰੰਤ ਸੰਪਰਕ ਕਰਨ ਅਤੇ ਵੱਧ ਤੋਂ ਵੱਧ ਰਕਬਾ ਝੋਨੇ ਦੀ ਸਿੱਧੀ ਬਿਜਾਈ ਹੇਠ ਕਰਨ ਅਤੇ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ। ਇਸ ਮੌਕੇ ਬਲਾਕ ਖੇਤੀਬਾੜੀ ਅਫਸਰ ਬੰਗਾ ਡਾ. ਲਛਮਣ ਦਾਸ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਪਿੰਡ ਕੰਗਰੋੜ ਵਿਖੇ 200 ਏਕੜ ਤੋਂ ਵੱਧ ਰਕਬੇ ਹੇਠ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾਵੇਗੀ, ਜਿਸ ਨਾਲ ਧਰਤੀ ਹੇਠਲੇ ਪਾਣੀ ਦੀ ਕਾਫੀ।

# ਜ਼ਿਲ੍ਹਾ ਮੈਜਿਸਟਰੇਟ ਵਲੋਂ ਸ਼ੌਰ ਪ੍ਰਦੂਸ਼ਣ ਨੂੰ ਰੋਕਣ ਲਈ ਆਦੇਸ਼ ਜਾਰੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟਰੇਟ, ਸ਼ਹੀਦ ਭਗਤ ਸਿੰਘ ਨਗਰ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਜਥੇਬੰਦੀਆਂ ਦੇ ਲੀਡਰਾਂ ਤੇ ਅਹੁਦੇਦਾਰਾਂ ਵਲੋਂ ਕੀਤੇ ਜਾਣ ਵਾਲੇ ਜਲਸਿਆਂ, ਰੈਲੀਆਂ, ਰੋਸ ਧਰਨੇ ਆਦਿ ਮੌਕੇ ’ਤੇ ਕਿਸੇ ਵੀ ਐਨ.ਜੀ.ਓਜ਼, ਪ੍ਰਾਈਵੇਟ ਸਮਾਜਿਕ, ਮੰਦਿਰਾਂ, ਮਸਜਿਦਾਂ ਅਤੇ ਗੁਰਦੁਆਰਿਆਂ ਦੀਆਂ ਸੰਸਥਾਵਾਂ, ਵਪਾਰਕ ਸੰਸਥਾਵਾਂ/ਅਦਾਰਿਆਂ ਆਦਿ ਦੇ ਪ੍ਰਬੰਧਕਾਂ/ਅਹੁਦੇਦਾਰਾਂ ਵੱਲੋਂ ਵੱਖ-ਵੱਖ ਪ੍ਰੋਗਰਾਮ ਫੰਕਸ਼ਨ ਆਦਿ ਮੌਕੇ ’ਤੇ ਕਿਸੇ ਵੀ ਬਿਲਡਿੰਗ, ਪਬਲਿਕ ਸਥਾਨਾਂ, ਖੁੱਲੇ ਸਥਾਨਾਂ, ਪੰਡਾਲਾਂ ਵਿੱਚ ਲਾਉਡ ਸਪੀਕਰ ਆਦਿ ਦੀ ਵਰਤੋਂ ਲਈ ਅਤੇ ਕਿਸੇ ਵੱਲੋਂ ਵੀ ਵਿਆਹ ਸਾਦੀਆਂ, ਖੁਸ਼ੀ ਦੇ ਮੌਕਿਆ ਅਤੇ ਹੋਰ ਵੱਖ-ਵੱਖ ਮੌਕਿਆ ਆਦਿ ’ਤੇ ਮੈਰਿਜ ਪੈਲੇਸਾਂ, ਕਲੱਬਾਂ, ਹੋਟਲਾਂ ਅਤੇ ਖੁੱਲੇ ਸਥਾਨਾਂ ਆਦਿ ਵਿੱਚ ਡੀ.ਜੇ., ਆਰਕੈਸਟਰਾ, ਸੰਗੀਤਕ ਯੰਤਰ ਆਦਿ ਦੀ ਵਰਤੋਂ ਕਿਸੇ ਵੀ ਸਮੇਂ (ਦਿਨ ਜਾਂ ਰਾਤ) ਨੂੰ ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸੋਂ ਪੰਜਾਬ



ਇੰਸਟਰੂਮੈਂਟ (ਕੰਟਰੋਲ ਆਫ਼ ਨੁਆਇਜ) ਐਕਟ 1956 ਵਿੱਚ ਦਰਜ ਸ਼ਰਤਾਂ ਤਹਿਤ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਚਲਾਏ ਜਾਣਗੇ ਅਤੇ ਲਿਖਤੀ ਪ੍ਰਵਾਨਗੀ ਲੈਣ ਉਪਰੰਤ ਇਹ ਅੰਡਰਟੇਕਿੰਗ ਦੇਣਗੇ ਕਿ ਅਵਾਜ਼ ਦਾ ਪੱਧਰ 10 ਡੀਬੀ(ਏ) ਤੋਂ ਜਿਆਦਾ ਨਹੀਂ ਹੋਵ-ੇਗਾ। ਇਸ ਦੇ ਨਾਲ ਹੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਜਾਰੀ ਹਦਾਇਤਾਂ ਮੁਤਾਬਿਕ ਇਮਤਿਹਾਨ ਦੇ ਦਿਨਾਂ ਤੋਂ 15 ਦਿਨ ਪਹਿਲਾ ਕਿਸੇ ਵੀ ਲਾਊਡ ਸਪੀਕਰ ਆਦਿ ਦੀ ਪ੍ਰਵਾਨਗੀ ਨਾ ਦੇਣਾ ਸਬੰਧਤ ਉਪ ਮੰਡਲ ਮੈਜਿਸਟਰੇਟਸ ਯਕੀਨੀ ਬਣਾਉਣਗੇ।

ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਲਾਊਡ ਸਪੀਕਰ ਅਤੇ ਕਿਸੇ ਵੀ ਹੋਰ ਸੰਗੀਤਕ ਯੰਤਰ ਆਦਿ ਚਲਾਉਣ ਦੀ ਪ੍ਰਵਾਨਗੀ ਲੈਣ ਦੇ ਬਾਵਜੂਦ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਉਕਤ ਕਿਸੇ ਵੀ ਆਵਾਜ਼ੀ ਅਤੇ ਸੰਗੀਤਕ ਯੰਤਰਾਂ ਆਦਿ ਦੇ ਕਿਸੇ ਵੀ ਬਿਲਡਿੰਗ ਵਿੱਚ ਅਤੇ ਸਥਾਨ ’ਤੇ ਚਲਾਉਣ/ਵਜਾਉਣ ’ਤੇ ਮੁਕੰਮਲ ਪਾਬੰਦੀ ਹੋਵੇਗੀ ਸਿਵਾਏ ਸੱਭਿਆਚਾਰਕ ਤੇ ਧਾਰਮਿਕ ਮੌਕਿਆਂ ’ਤੇ ਰਾਤ 10 ਤੋਂ ਅੱਧੀ ਰਾਤ 12 ਵਜੇ ਤੱਕ ਜਿਹੜੇ ਕਿ ਪੂਰੇ ਸਾਲ ਵਿੱਚ 15 ਦਿਨਾਂ ਤੋਂ ਵੱਧ ਨਹੀਂ ਹੋਣਗੇ ਅਤੇ ਅਵਾਜ਼ ਦਾ ਪੱਧਰ 10 ਡੀਬੀ(ਏ) ਤੋਂ ਜਿਆਦਾ ਨਹੀਂ ਹੋਵੇਗਾ। ਇਸ ਤੋਂ ਇਲਾਵਾ ਨਿੱਜੀ ਮਲਕੀਅਤ ਵਾਲੇ ਸਾਊਂਡ ਸਿਸਟਮ ਅਤੇ ਆਵਾਜ਼ ਪੈਦਾ ਕਰਨ ਵਾਲੇ ਯੰਤਰਾਂ ਦੀ ਅਵਾਜ਼ ਦਾ ਪੱਧਰ 5 ਡੀਬੀ(ਏ) ਤੋਂ ਜਿਆਦਾ ਨਹੀਂ ਹੋਵੇਗਾ।

# ਮੰਗੂਵਾਲ ਦੇ ਪ੍ਰਮਿੰਦਰ ਸਿੰਘ ਮਾਣਕ ਦੇ ਪਿਤਾ ਗੁਰਮੇਲ ਸਿੰਘ ਨਮਿੱਤ ਅੰਤਿਮ ਅਰਦਾਸ

**ਬੰਗਾ( ਚਰਨਜੀਤ ਸੱਲ੍ਹਾ )**ਪਿੰਡ ਮੰਗੂਵਾਲ ਵਾਸੀ ਪ੍ਰਮਿੰਦਰ ਸਿੰਘ ਮਾਣਕ ਦੇ ਪਿਤਾ ਗੁਰਮੇਲ ਸਿੰਘ 13 ਮਈ ਨੂੰ ਅਚਨਚੇਤ ਹਾਰਟ ਅਟੈਕ ਕਾਰਨ ਸਦੀਵੀ ਵਿਛੋੜਾ ਦੇ ਗਏ। ਮੰਗੂਵਾਲ ਦੇ ਪਵਿੱਤਰ ਅਸਥਾਨ ਗਾਲ੍ਹੂਆਨਾ ਸਾਹਿਬ ਵਿਖੇ ਉਨ੍ਹਾਂ ਦੇ ਨਮਿੱਤ ਅੰਤਿਮ ਅਰਦਾਸ ਤੇ ਭੋਗ ਪਾਏ ਗਏ। ਗਿਆਨੀ ਗੁਰਪ੍ਰੀਤ ਸਿੰਘ ਅਤੇ ਸ ਦਲਵੀਰ ਸਿੰਘ ਖਟਕੜ ਨੇ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਸਵ: ਗੁਰਮੇਲ ਸਿੰਘ ਬਹੁਤ ਹੀ ਨੇਕ ਦਿਲ ਇਨਸਾਨ ਸਨ। ਫੁੱਟਬਾਲ ਕੋਚ ਸਰਬਜੀਤ ਮੰਗੂਵਾਲ ਨੇ ਮੰਗੂਵਾਲ ਫੁੱਟਬਾਲ ਅਕੈਡਮੀ ਦੇ ਖਿਡਾਰੀਆਂ ਵਲੋਂ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਭਾਜੀ ਗੁਰਮੇਲ ਸਿੰਘ ਦੀ ਬੇਟੀ ਹਰਪਾਲ ਕੌਰ ਰਾਣੀ ਅਜੇ ਦੋ ਹਫਤੇ ਪਹਿਲਾਂ ਹੀ ਆਪਣੇ ਪਰਿਵਾਰ ਨੂੰ ਮਿਲ ਕੇ ਇੰਗਲੈਂਡ ਨੂੰ ਵਾਪਿਸ ਗਈ ਸੀ। ਪਿਤਾ ਦੇ ਆਖਰੀ ਦਰਸ਼ਨ ਕਰਨ ਲਈ ਫੇਰ ਇੰਗਲੈਂਡ ਤੋਂ ਮੁੜ ਆਈ। ਬੱਚਿਆਂ ਵਾਸਤੇ ਮਾਂ ਬਾਪ ਦਾ ਨਾਤਾ ਹੀ ਕੁੱਝ ਅਜਿਹਾ ਹੁੰਦਾ ਹੈ ਜਿਸ ਦਾ ਕੋਈ ਬਦਲ ਨਹੀਂ। ਇਸ ਮੌਕੇ ਉਨ੍ਹਾਂ ਦੇ ਰਿਸ਼ਤੇਦਾਰ ਅਤੇ ਭਾਈਚਾਰਕ ਸਾਂਝ ਰੱਖਣ ਵਾਲੇ ਸੱਜਣ ਭਾਰੀ ਗਿਣਤੀ ਵਿੱਚ





ਹਾਜ਼ਰ ਹੋਏ। ਸੋਹਣ ਸਿੰਘ ਡਾਂਡੀਆ ਕਨੈਡਾ, ਰਿਟਾਇਰਡ ਰੋਡਵੇਜ਼ ਡ੍ਰਾਈਵਰ ਅਮਰੀਕ ਸਿੰਘ ਮੀਕਾ ਕਨੈਡਾ, ਗੁਰਮੇਲ ਸਿੰਘ ਫੌਜੀ, ਸੋਹਣ ਸਿੰਘ ਖਟਕੜ ਯੂ ਐਸ ਏ, ਹਰਬੰਸ ਸਿੰਘ, ਸੁਖਵੀਰ ਸਿੰਘ ਖਟਕੜ, ਪੰਚ ਵੀਰੂ ਖੈੜੀਆ, ਗੁਰਜੀਤ ਸਿੰਘ ਖਟਕੜ, ਸਾਬਕਾ ਸਰਪੰਚ ਅਜੀਤ ਰਾਮ ਨਰ, ਗੁਰਪ੍ਰੀਤ ਸਿੰਘ ਖਟਕੜ, ਅਸੈੱਸਟੈਂਟ ਸੈਕਟਰੀ ਕੋਆਪ੍ਰੇਟਿਵ ਸੋਸਾਇਟੀ ਮੰਗੂਵਾਲ ਮਨਜੀਤ ਸਿੰਘ, ਕੁਲਵਿੰਦਰ ਸਿੰਘ ਘੋਗਾ, ਅਮਰੀਕ ਸਿੰਘ, ਪਰਮਜੀਤ ਸਿੰਘ ਸੈਕਟਰੀ ਕੋਆਪ੍ਰੇਟਿਵ ਸੋਸਾਇਟੀ ਮੰਗੂਵਾਲ, ਪੰਚ ਬਲਵੀਰ ਸਿੰਘ ਖਟਕੜ, ਹਰਜਿੰਦਰ ਸਿੰਘ ਜਿੰਦੀ, ਬਹਾਦਰ ਸਿੰਘ ਸਾਬਕਾ ਫੁੱਟਬਾਲ ਪਲੇਅਰ, ਨਿਰਮਲ ਕੌਰ, ਜਸਵੀਰ ਕੌਰ, ਰਾਜਵੰਤ ਕੌਰ, ਜਸਵਿੰਦਰ ਕੌਰ, ਬਲਜੀਤ ਕੌਰ, ਜਸਵੀਰ ਕੌਰ, ਸਰਬਜੀਤ ਕੌਰ, ਕੁਲਵੰਤ ਕੌਰ ਗੁਰੂ ਅਤੇ ਸੁਨੀਤਾ ਸ਼ਰਮਾ ਸਮੇਤ ਹੋਰ ਕਈ ਸਬੰਧੀ ਬੀਬੀ ਜਸਵੀਰ ਕੌਰ ਦੇ ਪਰਿਵਾਰ ਵਾਲਿਆਂ ਨਾਲ ਦੁੱਖ ਸਾਂਝਾ ਕਰਨ ਲਈ ਹਾਜ਼ਰ ਹੋਏ।

# ਸਿਖਿਆਰਥੀਆਂ ਨੂੰ ਡਾ ਭੀਮ ਰਾਓ ਅੰਬੇਦਕਰ ਸਾਹਿਬ ਵਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ -ਕ੍ਰਿਪਾਲ ਸਿੰਘ ਝੱਲੀ



**ਚੱਬੇਵਾਲ 20 ਮਈ (ਚਰਨਜੀਤ ਸੱਲ੍ਹਾ )20.05.2026** ਡਾ. ਬੀ. ਆਰ. ਅੰਬੇਡਕਰ ਪਿਉਪਲ ਐਜੂਕੇਸ਼ਨ ਐਂਡ ਵੈਲਫੇਅਰ ਏਡ ਸੋਸਾਇਟੀ ਪੰਜਾਬ (ਰਜਿ:) ਵਲੋਂ ਪਿੰਡ ਸੈਦੋ ਪੱਟੀ ਜਿਲ੍ਹਾ ਹੁਸ਼ਿਆਰਪੁਰ ਵਿਖੇ (ਸਾਲ 2026-2027)ਲੜਕੀਆਂ ਲਈ ਕ੍ਰਮਵਾਰ ਕਟਿੰਗ ਟੇਲਰਿੰਗ ਐਂਡ ਫੈਸ਼ਨ ਡਿਜਾਇੰਗ ਕੋਰਸ ਅਤੇ ਅਡਵਾਂਸ ਬਿਊਟੇਸ਼ਨ ਕੋਰਸ ਸ਼ੁਰੂ ਕੀਤਾ ਜਾ ਚੁੱਕਾ ਹੈ। ਅੱਜ ਦੀ ਮੀਟਿੰਗ ਕਿਰਪ-ਾਲ ਸਿੰਘ ਝੱਲੀ ਜਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ (ਸੇਵਾਮੁਕਤ) ਐਡਵਾਈਜਰ ਦੀ ਪ੍ਰਧਾਨਗੀ ਹੇਠ ਅਯੋਜਿਤ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ. ਝੱਲੀ ਵੱਲੋਂ ਸਿਖਿਆਰਥੀਆਂ ਨੂੰ ਡਾਕਟਰ ਬੀ.ਆਰ. ਅੰਬੇਡਕਰ ਦੇ ਜੀਵਨ ਬਾਰੇ



ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ । ਉਨਾ ਕਿਹਾ ਕਿ ਇਸ ਇਲਾਕੇ ਵਿੱਚ ਲੋੜਵੰਦ ਲੜਕੀਆਂ ਨੂੰ ਸਿਲਾਈ ਅਤੇ ਬਿਊਟੇਸ਼ਨ ਟ੍ਰੇਨਿੰਗ ਦੀ ਬਹੁਤ ਲੋੜ ਸੀ। ਲੜਕੀਆਂ ਦੇ ਹੱਥਾਂ ਵਿਚ ਹੁਨਰ ਹੋਣਾ ਬਹੁਤ ਜਰੂਰੀ ਹੈ ਤਾਂ ਕਿ ਆਪਣੇ ਹੱਥੀਂ ਮਿਹਨਤ ਕਰਕੇ ਆਪਣੇ ਪੈਰਾਂ 'ਤੇ ਆਪ ਖੜ ਸਕਣ ਅਤੇ ਪਰਿਵਾਰ ਵਿੱਚ ਖੁਸ਼ਹਾਲੀ ਭਰਿਆ ਜੀਵਨ ਬਤੀਤ ਕਰਨ ਵਿੱਚ ਆਪਣਾ ਹਿੱਸਾ ਪਾਉਣ । ਉਨਾ ਕਿਹਾ ਕਿ ਸਰਪੰਚ ਸ. ਭੁਪਿੰਦਰ ਸਿੰਘ ਸੈਦੋ ਪੱਟੀ ਦੇ ਯਤਨਾ ਸਦਕਾ ਕੰਮ ਨੂੰ ਨੇਪਰੇ ਚਾੜਿਆ ਗਿਆ ਹੈ। ਸੰਤੋਖ ਸਿੰਘ ਧਾਮੀ ਕੈਸ਼ੀਅਰ ਵਲੋਂ ਕਿਹਾ ਕਿ ਡਾ. ਬੀ. ਆਰ ਅੰਬੇਡਕਰ ਸੋਸਾਇਟੀ ਵਲੋਂ ਇਸ ਪਿੰਡ ਨੂੰ ਚੁਣ ਕੇ ਬੱਚੀਆ ਲਈ ਵਿਸ਼ੇਸ ਉਪਰਾਲਾ ਕੀਤਾ ਗਿਆ ਹੈ। ਮੀਟਿੰਗ ਵਿੱਚ ਸੰਤੋਖ ਸਿੰਘ ਧਾਮੀ ਕੈਸ਼ੀਅਰ, ਹਰਦੀਪ ਕੌਰ ਇੰਸਟਰੱਕਟਰ, ਅਨੁਰਾਧਾ ਇੰਸਟਰੱਕਟਰ ਅਤੇ ਸਿੱਖਿਆਰਥੀ ਹਾਜਰ ਸਨ।

# ਬੋਰਵੈੱਲ 'ਚ ਡਿੱਗੇ ਬੱਚੇ ਨੂੰ ਵਧੀਆ ਸਿਹਤ ਸਹੂਲਤਾਂ ਦੇਣ ਲਈ ਡਾ. ਅਭਿਤੋਜ ਨੂੰ ਕੀਤਾ ਗਿਆ ਸਨਮਾਨਿਤ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**
ਸਿਹਤ ਵਿਭਾਗ, ਹੁਸ਼ਿਆਰਪੁਰ ਵੱਲੋਂ ਦਸੂਹਾ ਰੋਡ ਸਥਿਤ ਪਿੰਡ ਚੱਕ ਸਮਾਣਾ, ਬਲਾਕ ਭੂੰਗਾ ਵਿੱਚ ਬੋਰਵੈੱਲ ਵਿੱਚ ਡਿੱਗੇ 3 ਸਾਲਾ ਬੱਚੇ ਗੁਰਕਰਨ ਸਿੰਘ ਨੂੰ ਸਫਲ ਰੈਸਕਿਊ ਮਗਰੋਂ ਤੁਰੰਤ ਸਿਹਤ ਸੇਵਾਵਾਂ ਮੁਹੱਈਆ ਕਰਵਾ ਕੇ ਉਸਦੀ ਜਾਨ ਬਚਾਉਣ ਵਾਲੇ ਕਮਿਊਨਟੀ ਹੈਲਥ ਸੈਂਟਰ ਭੂੰਗਾ ਦੇ ਬੱਚਿਆ ਦੇ ਮਾਹਿਰ ਡਾਕਟਰ ਅਭਿਤੋਜ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਿਵਲ ਸਰਜਨ ਡਾ. ਮਨਦੀਪ ਕਮਲ ਨੇ ਕਿਹਾ ਕਿ ਗੁਰਕਰਨ ਸਿੰਘ ਨੂੰ ਰੈਸਕਿਊ ਤੋਂ ਤੁਰੰਤ ਬਾਅਦ ਸਿਵਲ ਹਸਪਤਾਲ ਵਿੱਚ ਦਾਖਲ ਕਰਕੇ ਡਾਕਟਰਾਂ ਦੀ ਟੀਮ ਵੱਲੋਂ ਲਗਾਤਾਰ ਨਿਗਰਾਨੀ ਹੇਠ ਇਲਾਜ ਮੁਹੱਈਆ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਐਮਰਜੈਂਸੀ ਹਾਲਾਤ ਵਿੱਚ ਸਿਹਤ ਵਿਭਾਗ ਦੀ ਟੀਮ ਨੇ ਪੂਰੀ ਤਨਦੇਹੀ, ਜ਼ਿੰਮੇਵਾਰੀ ਅਤੇ ਤੇਜ਼ੀ ਨਾਲ ਕੰਮ ਕਰਦੇ ਹੋਏ ਬੱਚੇ ਦੀ ਜਾਨ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਡਾ. ਅਭਿਤੋਜ ਨੇ ਦੱਸਿਆ ਕਿ ਜਦੋਂ ਬੱਚਾ ਬੋਰਵੈੱਲ ਵਿੱਚ ਡਿੱਗਿਆ ਤਾਂ ਸੂਚਨਾ ਮਿਲਣ ਉਪਰੰਤ ਸੀ.ਐੱਚ.ਸੀ. ਭੂੰਗਾ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸੁਦੇਸ਼ ਰਾਜਨ ਵੱਲੋਂ ਉਨ੍ਹਾਂ ਨੂੰ ਤੁਰੰਤ ਮੌਕੇ ‘ਤੇ ਪਹੁੰਚਣ ਲਈ ਕਿਹਾ ਗਿਆ। ਉਨ੍ਹਾਂ ਦੱਸਿਆ ਕਿ ਮੌਕੇ ‘ਤੇ ਪਹੁੰਚ ਕੇ ਤੁਰੰਤ ਸਥਿਤੀ ਨੂੰ ਸੰਭਾਲਿਆ ਗਿਆ ਅਤੇ ਬੱਚੇ ਨੂੰ ਜ਼ਰੂਰੀ ਮੈਡੀਕਲ ਐਮਰਜੈਂਸੀ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ। ਡਾ. ਅਭਿਤੋਜ ਨੇ ਦੱਸਿਆ ਕਿ ਇਸ ਤੋਂ ਇਲਾਵਾ ਬੱਚੇ ਤੱਕ ਓ.ਆਰ.ਐਸ. ਦਾ ਘੋਲ ਵੀ ਪਹੁੰਚਾਇਆ ਗਿਆ ਅਤੇ ਖੁਸ਼ਕਿਸਮਤੀ ਨਾਲ ਬੱਚੇ ਨੇ ਉਹ ਪੀ ਲਿਆ, ਜਿਸ ਨਾਲ ਉਸਦੀ ਸਿਹਤ ਨੂੰ ਕਾਫੀ ਲਾਭ ਮਿਲਿਆ। ਉਨ੍ਹਾਂ ਕਿਹਾ ਕਿ ਸਿਹਤ ਟੀਮ ਵੱਲੋਂ ਲਗਾਤਾਰ ਬੱਚੇ ਦੀ ਸਥਿਤੀ ‘ਤੇ ਨਿਗਰਾਨੀ ਰੱਖੀ ਗਈ ਅਤੇ ਜਿਹੜੀਆਂ ਵੀ ਮੈਡੀਕਲ ਸਹੂਲਤਾਂ ਲੋੜੀਂਦੀਆਂ ਸਨ, ਉਹ ਸਮੇਂ ਸਿਰ ਮੁਹੱਈਆ ਕਰਵਾਈਆਂ ਗਈਆਂ। ਇਸ ਦਾ ਨਤੀਜਾ ਇਹ ਰਿਹਾ ਕਿ ਬੱਚੇ ਨੂੰ ਸੁਰੱਖਿਅਤ ਅਤੇ ਸਿਹਤਮੰਦ ਹਾਲਤ ਵਿੱਚ ਬੋਰਵੈੱਲ ਵਿੱਚੋਂ ਬਾਹਰ ਕੱਢ ਲਿਆ ਗਿਆ। ਡਾਕਟਰ ਅਭਿਤੋਜ ਦੀਆ ਉਪਰੋਕਤ ਵਧੀਆ ਸਿਹਤ ਸੇਵਾਵਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਉਨ੍ਹਾਂ ਨੂੰ ਦਫਤਰ ਸਿਵਲ ਸਰਜਨ ਹੁਸ਼ਿਆਰਪੁਰ ਵਿਖੇ ਸਨਮਾਨਿਤ ਕੀਤਾ ਗਿਆ। ਡਾ. ਮਨਦੀਪ ਕਮਲ ਨੇ ਕਿਹਾ ਕਿ ਗੁਰਕਰਨ ਸਿੰਘ ਦਾ ਇਹ “ਦੂਜਾ ਜਨਮ” ਹੈ ਅਤੇ ਇਹ ਸਿਹਤ ਵਿਭਾਗ, ਰੈਸਕਿਊ ਟੀਮ, ਪ੍ਰਸ਼ਾਸਨ ਅਤੇ ਸਮਾਜ ਦੇ ਸਾਂਝੇ ਯਤਨਾਂ ਦੀ ਵੱਡੀ ਸਫਲਤਾ ਹੈ।

# ਤਥਾਗਤ ਬੁੱਧ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਵਿੱਚ ਕੋਈ ਫਰਕ ਨਹੀਂ ਹੈ : ਗੁਰਨਾਮ ਕੁੰਟ

**ਜਲੰਧਰ (ਚਰਨਜੀਤ ਸੱਲ੍ਹਾ )**ਪਿੱਛਲੇ ਕੁਝ ਕ ਦਿਨਾਂ ਤੋ ਸੋਸ਼ਲ ਮੀਡੀਆ ਤੇ ਗੁਰੂ ਰਵਿਦਾਸ ਅਤੇ ਤਥਾਗਤ ਬੁੱਧ ਦੇ ਪੈਰੋਕਾਰਾਂ ਚ ਬੜੀ ਕਸ਼ਮਕਸ਼ ਚੱਲ ਰਹੀ ਹੈ ਦੋਵੇਂ ਧਿਰਾਂ ਆਪਣਾ ਰੱਜ ਕੇ ਜਲੂਸ ਕੱਢਵਾ ਰਹੀਆਂ ਹਨ ।
ਪਰ ਮੈਂ ਆਪਣੇ ਆਪ ਚ ਸੋਚ ਰਿਹਾ ਸੀ ਕਿ ਇਹ ਚੱਕਰ ਕੀ ਹੈ ਕਿ ਮੈਨੂੰ ਦੋਵਾਂ ਚ ਕਦੇ ਕੋਈ ਫਰਕ ਹੀ ਨਹੀਂ ਲੱਗਿਆ । ਫਰਕ ਤਾਂ ਕਿ ਲੱਗਣਾ ਕਦੇ ਦੋਹਾਂ ਲਈ ਵੱਖਰਾ ਸੋਚਿਆ ਹੀ ਨਹੀਂ । ਕਾਫ਼ੀ ਸੋਚ ਵਿਚਾਰ ਤੋ ਬਾਅਦ ਮੈਨੂੰ ਸਮਝ ਆਈ ਕਿ ਤੇ ਮੈਂ ਕਾਰਨ ਲੱਭਿਆ ਕਿ ਇਹ ਸੋਚਣ ਚ ਫਰਕ ਕਿੱਥੇ ਪਿਆ । ਫਰਕ ਅਸਲ ਚ ਇੱਥੇ ਪਿਆ ਕਿ ਇਹਨਾਂ ਦੋਹਾਂ ਧਿਰਾਂ ਨੇ ਇਹਨਾ ਦੋਹਾਂ ਰਹਿਬਰਾਂ ਵਾਰੇ ਗਿਆਨ ਕਿੱਥੋਂ ਲਿਆ ਤੇ ਮੈਂ ਗਿਆਨ ਕਿੱਥੋਂ ਲਿਆ । ਇਹਨਾਂ ਦੋਹਾਂ ਧਿਰਾਂ ਨੇ ਦਰੀ ਤੇ ਚੌਂਕੜੀ ਮਾਰ ਕੇ ਅੱਖਾਂ ਮੀਟ ਕੇ ਗਿਆਨ ਲਿਆ ਇਹਨਾਂ ਨੂੰ ਕੋਈ ਪਤਾ ਨਹੀਂ ਸੀ ਕਿ ਗਿਆਨ ਕੋਈ ਮਨੂਵਾਦੀ ਦੇ ਰਿਹਾ ਹੈ ਜਾਂ ਅੰਬੇਡਕ੍ਰਾਈਟ । ਪਰ ਮੈਂ ਗਿਆਨ ਸਾਹਿਬ ਕਾਂਸ਼ੀ ਰਾਮ ਦੀ ਮੂਵਮੈਂਟ ਅਤੇ ਬਾਬਾ ਸਾਹਿਬ ਦੇ ਹਵਾਲੇ ਨਾਲ ਕੇਡਰ ਕੈਂਪ ਚ ਅੱਖਾਂ ਖੋਲ ਕੇ ਕੁਰਸੀ ਤੇ ਬੈਠ ਕੇ ਲਿਆ ਹੈ ਇਸ ਲਈ ਮੈਂ ਦੋਹਾਂ ਨੂੰ ਹੀ ਸਮਝਿਆ ਹੈ ਤੇ ਸੱਚੀ ਮੁੱਚੀ ਮੈਨੂੰ ਦੋਵਾਂ ਚ ਕੋਈ ਫਰਕ ਨਹੀਂ ਲੱਗਾ ।
ਸੱਚ ਕਰਕੇ ਜਾਣਿਓ ਜਿਹੜੇ ਲੋਕ ਵੀ ਫਰਕ ਕਰਦੇ ਨੇ




ਉਹ ਜਾਣੇ ਅਣਜਾਣੇ ਚ ਮਨੂੰਵਾਦ ਦੇ ਹੱਥਾਂ ਚ ਖੇਡ ਰਹੇ ਨੇ , ਮੇਰੀ ਉਹਨਾ ਨੂੰ ਸਲਾਹ ਹੈ ਕਿ ਕਿਰਪਾ ਕਰਕੇ ਇਹਨਾਂ ਦੋਨਾ ਨੂੰ ਅੱਖਾਂ ਖੋਲ ਕੇ ਕੁਰਸੀ ਤੇ ਬੈਠ ਕੇ ਬਾਬਾ ਸਾਹਿਬ ਦੇ ਹਵਾਲੇ ਨਾਲ ਪੜ੍ਹੋ ਅਤੇ ਸਮਝੋ ।

**ਗੁਰਨਾਮ ਕੁੰਟ ( ਕੈਨੇਡਾ)**

# ਹਰਜਿੰਦਰ ਕੁਮਾਰ ਸੋਨੂੰ ਅਤੇ ਰਵਿੰਦਰ ਮਹਿੰਮੀ ਬਸਪਾ ਦੀ ਟੀਮ ਨਾਲ ਲੈਕੇ ਵੋਟਰਾਂ ਦੇ ਘਰ ਘਰ ਪਹੁੰਚ ਕੀਤੀ





**ਬੰਗਾ 20 ਮਈ (ਚਰਨਜੀਤ ਸੱਲ੍ਹਾ )** ਬੰਗਾ ਨਗਰ ਕੌਂਸਲ ਦੀਆਂ ਚੋਣਾਂ ਦਾ ਬਿਗੁਲ ਬੱਜ ਚੁੱਕਾ ਹੈ ਬਿਗੁਲ ਵੱਜਣ ਨਾਲ ਹੀ ਵਾਰਡ ਨੰਬਰ 7 ਅਤੇ ਵਾਰਡ ਨੰਬਰ 8 ਦੇ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਰਵਿੰਦਰ ਮਹਿੰਮੀ ਅਤੇ ਹਰਜਿੰਦਰ ਕੁਮਾਰ ਸੋਨੂੰ ਆਪਣੀ ਕੰਪੇਨ ਵਿੱਚ ਬਸਪਾ ਬੰਗਾ ਦੀ ਟੀਮ ਨੂੰ ਨਾਲ ਲੈਕੇ ਵੋਟਰਾਂ ਦੇ ਘਰ ਘਰ ਜਾ ਕੇ ਉਨ੍ਹਾਂ ਨੂੰ ਮਿਲ ਰਹੇ ਹਨ ਅਤੇ ਦੱਸ ਰਹੇ ਹਨ ਕਿ ਤੁਸੀਂ ਪਹਿਲਾਂ ਤਾਂ ਬਾਕੀ ਸਾਰੀਆਂ ਪਾਰਟੀਆਂ ਨੂੰ ਦੇਖਿਆ ਹੋਇਆ ਹੈ ਉਹ ਤੁਹਾਨੂੰ ਲਾਅਰੇ ਲੱਪੇ ਲਾ ਕੇ ਅਤੇ ਵਾਅਦੇ ਕਰਕੇ ਚਲੇ ਜਾਂਦੇ ਹਨ ਪਰ ਤੁਹ-ਾਡੇ ਕੰਮ ਨਹੀਂ ਕਰਦੀਆਂ ਇਸ ਲਈ ਤੁਸੀਂ ਇਸ ਵਾਰ ਬਸਪਾ ਨੂੰ ਮੌਕਾ ਦਿਓ ਤਾਂ ਤੁਹਾਡੇ ਕੰਮ ਕਾਰ ਸਭ ਹੋਣਗੇ। ਬੱਸ ਤੁਸੀਂ ਇਸ ਵਾਰ 26 ਤਰੀਕ ਨੂੰ ਹਾਥੀ ਦੇ ਨਿਸ਼ਾਨ ਤੇ ਮੋਹਰਾਂ ਲਾਉਣੀਆਂ ਹਨ।ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਨੇ ਵਧਾਈਆਂ ਭੇਜੀਆਂ ਹਨ ਕਿਉਂਕਿ ਕਿ ਇਹ ਦੋਵੇਂ ਬਹੁਤ ਮਿਸ਼ਨਰੀ ਅਤੇ ਸਿਰੜੀ ਵਰਕਰ ਹਨ । ਜਿਸ ਤਰ੍ਹਾਂ ਦੀ ਮਰਜ਼ੀ ਸਥਿਤੀ ਹੋਵੇ ਇਹ ਮੁਕਾਬਲਾ ਕਰਨ ਲਈ ਅੱਗੇ ਆਉਂਦੇ ਹਨ। ਇਸ ਮੌਕੇ ਤੇ ਉਨ੍ਹਾਂ ਦੇ ਨਾਲ ਤਿਲਕ ਰਾਜ ਬਾਬਾ ਜੀ, ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ, ਜ਼ਿਲ੍ਹਾ ਸਕੱਤਰ ਵਿਜੇ ਮਜਾਰੀ ਅਤੇ ਵਿਜੇ ਗੁਣਾਚੌਰ, ਬਸਪਾ ਦੇ ਸਿਰਕੱਢ ਆਗੂ ਪਰਮਜੀਤ ਸਿੰਘ ਦੁਸਾਂਝ,ਰਾਮ ਲੁਭਾਇਆ, ਮਲਕੀਤ ਮੰਢਾਲੀ, ਕੁਲਦੀਪ ਬਹਿਰਾਮ, ਮਨਜੀਤ ਸਿੰਘ ਠੇਕੇਦਾਰ, ਦਰਸ਼ਨ ਬਹਿਰਾਮ, ਜਸਪਾਲ ਲੁਧਾਣਾ ਅਤੇ ਬੰਗਾ ਸ਼ਹਿਰ ਤੋਂ ਅਨੇਕਾਂ ਔਰਤਾਂ ਅਤੇ ਨੌਜਵਾਨ ਹਾਜ਼ਰ ਸਨ।

# ਕਰੌੜਾਂ ਦੀ ਆਬਾਦੀ ਹੋਣ ਦੇ ਬਾਵਜੂਦ ਸੱਤਾ ਵਿੱਚ ਸਾਡੀ ਗਿਣਤੀ ਨਾ ਬਰਾਬਰ ਕਿਉਂ : ਨਰੇਸ਼ ਭੱਟੀ




**ਬੰਗਾ( ਚਰਨਜੀਤ ਸੱਲ੍ਹਾ )** 21 ਕਰੋੜ ਤੋਂ ਵੱਧ ਸ਼ਡ ਸਮਾਜ ਦੀ ਆਬਾਦੀ ਹੋਣ ਦੇ ਬਾਵਜੂਦ ਵੀ ਸੱਤਾ ਦੇ ਸਿਖਰ ਤੇ ਸਾਡੀ ਹਿੱਸੇਦਾਰੀ ਨਾ ਦੇ ਬਰਾਬਰ ਕਿਉਂ ਹੈ? ਇਹ ਸਵਾਲ ਹਰ ਜਾਗਰੂਕ ਇਨਸਾਨ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ।ਜਿਹੜੀਆਂ ਪਾਰਟੀਆਂ ਸਾਲਾਂ ਤੋਂ ਸਾਡੇ ਵੋਟਾਂ ਦੇ ਸਹਾਰੇ ਰਾਜ ਕਰਦੀਆਂ ਆਈਆਂ ਹਨ, ਉਹਨਾਂ ਨੇ ਸਾਡੇ ਸਮਾਜ ਨੂੰ ਸਿਰਫ਼ ਇੱਕ ਵੋਟ ਬੈਂਕ ਸਮਝਿਆ, ਸਾਥੀ ਨਹੀਂ। ਜੇ ਅੱਜ ਵੀ ਸਾਡੇ ਬੱਚਿਆਂ ਨੂੰ ਬਰਾਬਰੀ ਦਾ ਹੱਕ ਨਹੀਂ ਮਿਲ ਰਿਹਾ, ਸਾਡੇ ਮਹਾਂਪੁਰਸ਼ਾਂ ਦੀ ਸੋਚ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ, ਤੇ ਸਾਡੇ ਮਾਣ-ਸਨਮਾਨ ਨੂੰ ਠੇਸ ਪਹੁੰਚ ਰਹੀ ਹੈ, ਤਾਂ ਇਸ ਲਈ ਜ਼ਿੰਮੇਵਾਰ ਅਸੀਂ ਖੁਦ ਵੀ ਹਾਂ। ਕਿਉਂਕਿ ਸਾਡੇ ਮਹਾਂਪੁਰਸ਼ਾਂ ਨੇ ਸਾਨੂੰ ਸਿਰਫ਼ ਵੋਟ ਪਾਉਣ ਨਹੀਂ, ਸਗੋਂ ਆਪਣੀ ਸਿਆਸੀ ਤਾਕਤ ਬਣਾਉਣ ਦੀ ਸਿੱਖਿਆ ਦਿੱਤੀ ਸੀ।ਕੁਝ ਸਹੂਲਤਾਂ ਜਾਂ ਲਾਲਚਾਂ ਦੇ ਬਦਲੇ ਆਪਣੇ ਹੱਕਾਂ ਨੂੰ ਵੇਚ ਦੇਣਾ ਸਮਾਜ ਦੇ ਭਵਿੱਖ ਨਾਲ ਧੋਖਾ ਹੈ। ਯਾਦ ਰੱਖੋ — “ਜਿੰਨੀ ਕਿਸੇ ਦੀ ਸੰਖਿਆ ਭਾਰੀ, ਉੱਨੀ ਉਨ੍ਹਾਂ ਦੀ ਹਿੱਸੇਦਾਰੀ” ਸਿਰਫ਼ ਨਾਹਰਾ ਨਹੀਂ, ਸਗੋਂ ਹੱਕ ਦੀ ਲੜਾਈ ਦਾ ਅਸੂਲ ਹੈ। ਸਮਾਂ ਆ ਗਿਆ ਹੈ ਕਿ ਅਸੀਂ ਆਪਣੀ ਵੋਟ ਦੀ ਤਾਕਤ ਨੂੰ ਸਮਝੀਏ, ਆਪਣੀ ਸੋਚ ਨੂੰ ਬਦਲੀਏ ਅਤੇ 2027 ਵਿੱਚ ਉਹਨਾਂ ਤਾਕਤਾਂ ਦਾ ਸਾਥ ਦੇਈਏ ਜੋ ਬਹੁਜਨ ਸਮਾਜ ਦੀ ਆਵਾਜ਼ ਬਣ ਕੇ ਖੜੀਆਂ ਹਨ। ਕਿਉਂਕਿ ਜਦੋਂ ਵੋਟ ਆਪਣੇ ਹੱਕ ਲਈ ਪੈਂਦੀ ਹੈ, ਤਦੋਂ ਹੀ ਸਮਾਜ ਨੂੰ ਮਾਣ, ਸਨਮਾਨ ਹਾਸਿਲ ਹੋਵੇਗਾ।

**ਨਰੇਸ਼ ਭੱਟੀ**
**ਸੇਵਾ ਮੁਕਤ ਲੈਕਚਰਾਰ**



# ਸਾਰੀ ਸਾਰੀ ਰਾਤ ਬਿਜਲੀ ਗਾਇਬ, ਲੋਕਾਂ ਦਾ ਬੁਰਾ ਹਾਲ - ਪਾਣੀ ਦੀ ਸਪਲਾਈ ਵੀ ਪ੍ਰਭਾਵਿਤ : ਗੋਲਡੀ ਪੁਰਖਾਲੀ

**ਰੂਪਨਗਰ 20 ਮਈ( ਚਰਨਜੀਤ ਸੱਲ੍ਹਾ )**ਬਿਜਲੀ ਦੀ ਅਣਘੋਸ਼ਿਤ ਕੱਟਾਂ ਤੋਂ ਲੋਕ ਬਹੁਤ ਪਰੇਸ਼ਾਨ ਹਨ। ਇਲਾਕੇ ਵਿੱਚ ਸਾਰੀ ਸਾਰੀ ਰਾਤ ਬਿਜਲੀ ਨਾ ਆਉਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖ਼ਾਸ ਕਰਕੇ ਬਜ਼ੁਰਗਾਂ, ਬਿਮਾਰ ਵਿਅਕਤੀਆਂ ਅਤੇ ਛੋਟੇ ਛੋਟੇ ਬੱਚਿਆਂ ਦਾ ਬੁਰਾ ਹਾਲ ਹੋਇਆ ਪਿਆ ਹੈ। ਗਰਮੀ ਦੇ ਮੌਸਮ ਵਿੱਚ ਬਿਜਲੀ ਨਾ ਹੋਣ ਕਾਰਨ ਲੋਕ ਰਾਤਾਂ ਜਾਗ ਕੇ ਕੱਟਣ ਲਈ ਮਜਬੂਰ



ਹਨ। ਬਿਜਲੀ ਸਪਲਾਈ ਪ੍ਰਭਾਵਿਤ ਹੋਣ ਕਾਰਨ ਪਾਣੀ ਦੀ ਸਪਲਾਈ ਤੇ ਵੀ ਗੰਭੀਰ ਅਸਰ ਪੈ ਰਿਹਾ ਹੈ, ਜਿਸ ਨਾਲ ਲੋਕਾਂ ਨੂੰ ਪੀਣ ਵਾਲੇ ਪਾਣੀ ਲਈ ਵੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਲਾਕਾ ਵਾਸੀਆਂ ਨੇ ਬਿਜਲੀ ਵਿਭਾਗ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਤੁਰੰਤ ਬਿਜਲੀ ਸਪਲਾਈ ਨੇ ਨੂੰ ਸੁਚਾਰੂ ਬਣਾਇਆ ਜਾਵੇ ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ।ਗੋਲਡੀ ਪਰਖਾਲੀ ਨੇ ਕਿਹਾ ਕਿ ਜੇਕਰ ਜਲਦੀ ਹੀ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਲੋਕ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

# ਖਾਲਸਾ ਕਾਲਜ ਮਾਹਿਲਪੁਰ ਵਿੱਚ ਵਧੀਆ ਨਤੀਜੇ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਦਾ ਸਨਮਾਨ

**ਹੁਸ਼ਿਆਰਪੁਰ /ਮਾਹਿਲਪੁਰ,20 ਮਈ ( ਤਰਸੇਮ ਦੀਵਾਨਾ ) -** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇੱਥੋਂ ਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਐਮਏ ਰਾਜਨੀਤੀ ਸ਼ਾਸਤਰ ਦੇ ਸਮੈਸਟਰ ਪਹਿਲਾਂ ਅਤੇ ਤੀਜਾ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੀਆਂ ਵਿਦਿਆਰਥਣਾਂ ਦਾ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਸਟਾਫ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਇਸ ਮੌਕੇ ਗੱਲ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁਖੀ ਡਾ ਤਾਰਾ ਦੇਵੀ ਨੇ ਦੱਸਿਆ ਕਿ ਐਮਏ



ਰਾਜਨੀਤੀ ਸ਼ਾਸਤਰ ਦੇ ਸਮੈਸਟਰ ਪਹਿਲਾਂ ਦੇ ਐਲਾਨੇ ਨਤੀਜੇ ਵਿੱਚ ਵਿਦਿਆਰਥਣ ਗੁਰਵਿੰਦਰ ਕੌਰ ਨੇ 81 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਕੀਰਤੀ ਜਸਵਾਲ ਨੇ 77 ਫੀਸਦੀ ਅੰਕਾਂ ਨਾਲ ਦੂਜਾ ਅਤੇ ਤਾਨੀਆ ਗਰਚਾ ਨੇ 76 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਸਮੈਸਟਰ ਤੀਜਾ ਦੇ ਨਤੀਜੇ ਵਿੱਚ ਵਿਦਿਆਰਥਣ ਅਨੀਸ਼ਾ ਨੇ 79 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਰਾਜਵਿੰਦਰ ਕੌਰ 78.5 ਫੀਸਦੀ ਅੰਕਾਂ ਨਾਲ ਦੂਜਾ ਅਤੇ ਪਰਮਜੀਤ ਕੌਰ ਨੇ 73 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਵਿਦਿਆਰਥਣਾਂ ਨੂੰ ਪੁਸਤਕਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਸਨਮਾਨ ਸਮਾਰੋਹ ਦੌਰਾਨ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ, ਡਾ ਤਾਰਾ ਦੇਵੀ ,ਡਾ ਵਰਿੰਦਰ ਆਜ਼ਾਦ ਸਮੇਤ ਹਾਜ਼ਰ ਸਟਾਫ਼ ਮੈਂਬਰਾਨ ਨੇ ਇਨ੍ਹਾਂ ਵਿਦਿਆਰਥਣਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ 'ਤੇ ਮੁਬ-ਾਰਕਬਾਦ ਦਿੱਤੀ ਅਤੇ ਉਨ੍ਹਾਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ। ਫੋਟੋ ਅਜਮੇਰ ਦੀਵਾਨਾ

# ਲੋਹਟ ਫੀਡਰ ਵਿੱਚ ਨਿਰਵਿਘਨ ਬਿਜਲੀ ਸਪਲਾਈ ਨਾ ਆਉਣ ਕਾਰਨ ਕਿਸਾਨ ਦੁੱਖੀ ਜੇਕਰ ਇੱਕ ਹਫਤੇ ਦੇ ਅੰਦਰ ਨਿਰਵਿਘਨ ਸਪਲਾਈ ਚਾਲੂ ਨਾ ਹੋਈ ਤਾਂ ਕਿਸਾਨ ਸੰਘਰਸ਼ ਕਰਨਗੇ :ਚੇਅਰਮੈਨ ਐਡਵੋਕੇਟ ਨਾਨਕ ਸਿੰਘ ਜੰਡੀ, ਸ਼ੰਕਰ ਜੰਡੀ

**ਨਵਾਂਸ਼ਹਿਰ /ਕਾਠਗੜ੍ਹ 20 ਮਈ (ਜਤਿੰਦਰ ਪਾਲ ਸਿੰਘ ਕਲੇਰ )** ਲੋਹਟ ਫੀਡਰ ਦੇ ਕਿਸਾਨਾਂ ਇੱਕ ਹੰਗਾਮੀ ਮੀਟਿੰਗ ਹੋਈ ਜਿਸ ਵਿੱਚ ਬਿਜਲੀ ਨਾ ਆਉਣ ਸਬੰਧੀ ਖੁਲ ਕੇ ਵਿਚਾਰ ਵਟਾਂਦਰਾ ਕੀਤਾ ਗਿਆ ਕਿਸਾਨਾਂ ਨੇ ਫੈਸਲਾ ਕੀਤਾ ਜੋ ਏਰੀਆ ਲੋਹਟ ਫੀਡਰ ਦੇ ਘੇਰੇ ਵਿੱਚ ਆਉਂਦਾ ਹੈ ਉੱਥੇ ਬਿਜਲੀ ਦੇਖਣ ਨੂੰ ਵੀ ਨਹੀਂ ਮਿਲਦੀ ਜਿਸ ਕਰਕੇ ਸਾਡੀਆਂ ਨਾਜ਼ੁਕ ਫਸਲਾਂ ਜਿਸ ਵਿੱਚ ਮਿਰਚਾਂ, ਪਾਪੂਲਰ ਬੂਟੇ ਅਤੇ ਪਾਪੂਲਰ ਦੀ ਪਨੀਰੀ ਜੋ ਕਿ ਪਾਣੀ ਤੋਂ ਬਿਨਾਂ ਸੁੱਕ ਰਹੀਆਂ ਹਨ। ਪਰ ਇਸ ਫੀਡਰ ਤੇ ਬਿਜਲੀ ਨਾ ਆਉਣ ਕਿਸਾਨ ਡਾਢ੍ਹੇ ਪ੍ਰੇਸ਼ਾਨ ਹਨ ਇਸ ਤਕਲੀਫ ਸਬੰਧੀ ਜਾਣਕਾਰੀ ਦਿੰਦਿਆਂ ਚੇਅਰਮੈਨ ਐਡਵੋਕੇਟ ਨਾਨਕ ਸਿੰਘ ਜੰਡੀ ਅਤੇ ਸ਼ੰਕਰ ਜੰਡੀ ਨੇ ਕਿਹਾ ਸਾਨੂੰ ਮੁਫਤ ਬਿਜਲੀ ਦੀ ਲੋੜ ਨਹੀਂ ਹੈ। ਜੇਕਰ ਸਾਡੀਆਂ ਫਸਲਾਂ ਹੀ ਸੁੱਕ ਗਈਆਂ ਤਾਂ ਅਸੀਂ ਬਿਜਲੀ ਨੂੰ ਕਿ ਕਰਾਂਗੇ।



ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਸ਼ਬਦਾਂ ਵਿੱਚ ਮੰਗ ਕੀਤੀ ਹੈ ਕਿ ਲੋਹਟ ਫੀਡਰ ਦੇ ਕਿਸਾਨਾਂ ਦੀ ਸਪਲਾਈ ਨੂੰ ਯਕੀਨੀ ਬਣਾਇਆ ਜਾਵੇ ਨਹੀ ਤਾਂ ਕਿਸਾਨ ਸਘੰਰਸ਼ ਦੇ ਰਾਹ ਤੁਰਨਗੇ ਇਸ ਮੌਕੇ ਤਰਲੋਚਨ ਸਿੰਘ ਰੱਕੜ, ਹਰਪਾਲ ਸਿੰਘ ਕਟਾਰੀਆ ਕਿਸਾਨ ਆਗੂ , ਸੋਮਨਾਥ ਜੰਡੀ, ਮਹਾਂਵੀਰ, ਪੰਕਜ, ਜੋਗਿੰਦਰ ਪਾਲ, ਉੱਤਮ ਸਿੰਘ ਪੰਨੂ ਅਤੇ ਕਿਸਾਨ ਹਰਦੀਪ ਸਿੰਘ ਆਦਿ ਹਾਜ਼ਰ ਸਨ।

# ਬਿਜਲੀ ਨਾ ਆਉਣ ਕਰਕੇ ਪਿੰਡਾਂ ਦੇ ਲੋਕ ਇੱਕਠੇ ਹੋ ਕੇ ਪਹੁੰਚੇ ਬਿਜਲੀ ਘਰ

## ਐਸ.ਡੀ.ਓ ਬਿਜਲੀ ਵਿਭਾਗ ਨੂੰ ਮਿਲ ਕੇ ਦੱਸੀ ਆਪਣੀ ਪ੍ਰੇਸ਼ਾਨੀ

**ਬਲਾਚੌਰ, 20 ਮਈ (ਜਤਿੰਦਰ ਪਾਲ ਸਿੰਘ ਕਲੇਰ )**ਪਿੰਡਾਂ ਵਿਚ ਬਿਜਲੀ ਨਾ ਆਉਣ ਦੀ ਚਲ ਰਹੀ ਸਮੱਸਿਆ ਅਤੇ ਲੱਗ ਰਹੇ ਅਣਦੱਸੇ ਕੱਟ ਤੋ ਪਰੇਸ਼ਾਨ ਹੋ ਕੇ ਪਿੰਡ ਗਹੂੰਣ, ਰੱੜਕਾਂ ਬੇਟ, ਲੋਹਟ, ਸੁੱਧਾਮਾਜਰਾ, ਜੰਡੀ, ਟੰਡੋਹ, ਮਾਣੇਵਾਲ, ਮੁੰਤੋਂ, ਮੱਕੋਵਾਲ, ਤੇਜ ਪਲਾਣਾ, ਮਹਿਮੂਦਪੁਰ ਭਾਈਪੁਰ ਮੰਡ ਦੇ ਲੋਕ ਇੱਕਠੇ ਹੋ ਕੇ ਬਿਜਲੀ ਘਰ ਪਹੰਚੇ। ਐਸ. ਡੀ. ਓ ਬਿਜਲੀ ਵਿਭਾਗ ਨਾਲ ਮੁਲਾਕਾਤ ਕਰਕੇ ਆਪਣੀ ਸਮੱਸਿਆ ਦੱਸਦੇ ਹੋਏ ਕਿਹਾ ਕਿ ਪਿੰਡਾਂ ਦੇ ਵਿਚ ਲੱਗ ਰਹੇ ਬਿਜਲੀ ਦੇ ਲੰਬੇ-ਲੰਬੇ ਕੱਟ ਖਾਸ ਕਰਕੇ ਮੋਟਰਾਂ ਦੀ ਬਿਜਲੀ ਜਿਆਦਾ ਪ੍ਰਭਾਵਿਤ ਹੋਣ ਨਾਲ ਫਸਲਾਂ ਸੁੱਕ ਰਹੀਆਂ ਹਨ। ਕਿਉਕਿ ਇਸ ਇਲਾਕੇ ਵਿਚ ਜਿਆਦਾਤਰ ਪੱਪੂਲਰ ਅਤੇ ਸਬਜੀਆਂ ਦੀ ਖੇਤੀ ਹੁੰਦੀ ਹੈ ਤੇ



ਇਹਨਾਂ ਦਿਨਾਂ ਵਿਚ ਪਾਣੀ ਦੀ ਜਿਆਦਾ ਲੋੜ ਪੈਦੀ ਹੈ। ਐਸ. ਡੀ. ਓ ਬਿਜਲੀ ਵਿਭਾਗ ਨੇ ਵੀ ਗੱਲ ਨੂੰ ਧਿਆਨ ਨਾਲ ਸੁਣਦੇ ਹੋਏ ਵਿਸਵਾਸ਼ ਦਵਾਇਆ ਕਿ ਚੱਲ ਰਹੀ ਸਮੱਸਿਆ ਨੂੰ ਜਲਦੀ ਦੂਰ ਕਰਕੇ ਨਿਰਵਿਗਨ ਬਿਜਲੀ ਸਪਲਾਈ ਜਲਦੀ ਬਹਾਲ ਕੀਤੀ ਜਾਵੇਗੀ। ਇਸ ਸਮੇਂ ਲੋਕਾਂ ਦੇ ਵਫਦ ਨਾਲ ਚੇਅਰਮੈਨ ਬਲਾਕ ਸੰਮਤੀ ਨਾਨਕ ਸਿੰਘ ਜੰਡੀ, ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਤਰਲੋਚਨ ਸਿੰਘ ਰੱਕੜ, ਕਿਸਾਨ ਆਗੂ ਹਰਪਾਲ ਸਿੰਘ ਮੱਕੋਵਾਲ, ਗੁਰਮੁਖ ਸਿੰਘ ਮਹਿਮੂਦਪੁਰ, ਮੋਹਨ ਲਾਲ ਸੰਧੂ, ਦਲਜੀਤ ਸਿੰਘ ਮਾਣੇਵਾਲ, ਸੈਕਰ ਸਿੰਘ ਜੰਡੀ, ਦੇਵ ਰਾਜ ਫੌਜੀ, ਜਸਵੰਤ ਸਿੰਘ, ਹਰੀ ਸਿੰਘ, ਠੇਕੇਦਾਰ ਤਿਲਕ ਰਾਜ, ਅਵੀਨਾਸ, ਕਲਵਿੰਦਰ ਸਿੰਘ ਤੇਜਪਲਾਣਾ ਆਦਿ ਹਾਜਰ ਸਨ।

# ਝੋਨੇ ਦੀ ਸਿੱਧੀ ਬਿਜਾਈ ਕਰਕੇ 1500 ਰੁਪਏ ਪ੍ਰਤੀ ਏਕੜ ਦਾ ਲਾਭ ਲੈਣ ਕਿਸਾਨ :- ਡਾ. ਲੇਖ ਰਾਜ ਮਾਹੀ

**ਨਵਾਂ ਸ਼ਹਿਰ :20 ਮਈ (ਜਤਿੰਦਰ ਪਾਲ ਸਿੰਘ ਕਲੇਰ )**
ਪੰਜਾਬ ਸਰਕਾਰ ਵੱਲੋਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੀ ਮੁਹਿੰਮ ਤਹਿਤ ਝੋਨੇ ਦੀ ਸਿੱਧੀ ਬਿਜਾਈ ਦੀ ਸਕੀਮ ਸਾਲ 2026 ਵਿੱਚ ਚਲਾਈ ਜਾ ਰਹੀ ਹੈ। ਇਸ ਤਹਿਤ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਸ. ਗੁਲਪ੍ਰੀਤ ਸਿੰਘ ਔਲਖ ਆਈਏਐਸ ਦੇ ਦਿਸ਼ਾ ਨਿਰਦੇਸ਼ ਅਨੁਸਾਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਸ਼ਹੀਦ ਭਗਤ ਸਿੰਘ ਨਗਰ ਦੇ ਅਧਿਕਾਰੀਆਂ ਵੱਲੋਂ ਸ. ਸਤਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਪਿੰਡ ਕੰਗਲੌੜ ਵਿਖੇ ਪ੍ਰਦਰਸ਼ਨੀ ਪਲਾਟ ਬਿਜਾਇਆ ਗਿਆ। ਇਸ ਮੌਕੇ ਤੇ ਕਿਸਾਨ ਸ. ਸਤਿੰਦਰ ਸਿੰਘ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਉਹ ਸਾਲ 2019 ਤੋਂ ਤਕਰੀਬਨ 17 ਏਕੜ ਏਰੀਏ ਵਿੱਚ ਝੋਨੇ ਦੀ ਸਿੱਧੀ ਬਿਜਾਈ ਸਫਲਤਾ ਪੂਰਵਕ ਕਰ ਰਿਹਾ ਹੈ।ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ. ਲੇਖ ਰਾਜ ਮਾਹੀ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਝੋਨੇ ਦੀ ਸਿੱਧੀ ਬਿਜਾਈ ਨਾਲ ਲੇਬਰ ਦੀ ਬਚਤ ਦੇ ਨਾਲ-ਨਾਲ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕਦਾ ਹੈ। ਉਹਨਾਂ ਵੱਲੋਂ ਦੱਸਿਆ ਗਿਆ ਕਿ ਝੋਨੇ ਦੀ ਸਿੱਧੀ ਬਿਜਾਈ ਨਾਲ ਤਕਰੀਬਨ 20 ਤੋਂ 25% ਪਾਣੀ ਨੂੰ ਬਚਾਇਆ ਜਾ ਸਕਦਾ ਹੈ। ਉਹਨਾਂ ਵੱਲੋਂ ਦੱਸਿਆ ਗਿਆ ਕਿ ਇਸ ਤਕਨੀਕ ਨਾਲ ਝੋਨੇ ਦੀ ਬਜਾਈ ਕਰਨ ਲਈ ਖੇਤ ਦੀ ਪੂਰੀ ਵਿਉਂਤਬੰਦੀ ਕਰਨੀ ਜਰੂਰੀ ਹੈ ਤਾਂ ਜੋ ਕਿ ਨਦੀਨਾਂ ਤੋਂ ਬਚਿਆ ਜਾ ਸਕੇ। ਉਹਨਾਂ ਵੱਲੋਂ ਦੱਸਿਆ ਗਿਆ ਕਿ ਜੇਕਰ ਕਿਸਾਨ ਸਹੀ ਤਰੀਕੇ ਨਾਲ ਇਸੇ ਦੀ ਬਜਾਈ ਕਰਦਾ ਹੈ ਤਾਂ ਇਸ ਦਾ ਝਾੜ ਵੀ ਕੱਦੂ ਕੀਤੇ ਝੋਨੇ ਦੇ ਬਰਾਬਰ ਹੀ ਨਿਕਲਦਾ ਹੈ। ਉਹਨਾਂ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਜੋ ਵੀ ਕਿਸਾਨ ਝੋਨੇ ਦੀ ਸਿੱਧੀ ਬਜਾਈ ਕਰਦਾ ਹੈ ਉਸ ਨੂੰ ਸਰਕਾਰ ਵੱਲੋਂ



1500 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ ਮੁਹਈਆ ਕਰਵਾਈ ਜਾਵੇਗੀ, ਇਸ ਲਈ ਕਿਸਾਨਾਂ ਨੂੰ ਓਗਰਿਮਓ-ਚਹਿਨਏਰੇਪਬ.ਚੋਮ ਪੋਰਟਲ ਤੇ ਰਜਿਸਟਰ ਕਰਨਾ ਜਰੂਰੀ ਹੈ। ਉਨਾਂ ਵੱਲੋਂ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਜੋ ਵੀ ਕਿਸਾਨ ਝੋਨੇ ਦੀ ਸਿੱਧੀ ਬਜਾਈ ਕਰਨਾ ਚਾਹੁੰਦੇ ਹਨ ਉਹ ਕਿਸਾਨ ਆਪਣੇ ਸਬੰਧਤ ਬਲਾਕ ਖੇਤੀਬਾੜੀ ਅਫਸਰ ਨਾਲ ਤੁਰੰਤ ਸੰਪਰਕ ਕਰਨ ਅਤੇ ਵੱਧ ਤੋਂ ਵੱਧ ਰਕਬਾ ਝੋਨੇ ਦੀ ਸਿੱਧੀ ਬਿਜਾਈ ਹੇਠ ਕਰਨ ਅਤੇ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ। ਇਸ ਮੌਕੇ ਬਲਾਕ ਖੇਤੀਬਾੜੀ ਅਫਸਰ ਬੰਗਾ ਡਾ. ਲਛਮਣ ਦਾਸ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਪਿੰਡ ਕੰਗਰੋੜ ਵਿਖੇ 200 ਏਕੜ ਤੋਂ ਵੱਧ ਰਕਬੇ ਹੇਠ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾਵੇਗੀ, ਜਿਸ ਨਾਲ ਧਰਤੀ ਹੇਠਲੇ ਪਾਣੀ ਦੀ ਕਾਫੀ ਬਚਤ ਕੀਤੀ ਜਾਵੇਗੀ। ਉਨਾਂ ਵੱਲੋਂ ਝੋਨੇ ਦੀ ਸਿੱਧੀ ਬਜਾਈ ਕਰਨ ਦੀ ਤਕਨੀਕੀ ਜਾਣਕਾਰੀ ਅਤੇ ਵੱਖ-ਵੱਖ ਨਦੀਨ ਨਾਸ਼ਕਾਂ ਦੀ ਜਾਣਕਾਰੀ ਕਿਸਾਨਾਂ ਨਾਲ ਸਾਂਝੀ ਕੀਤੀ ਗਈ। ਇਸ ਮੌਕੇ ਸਹਾਇਕ ਖੇਤੀਬਾੜੀ ਇੰਜੀਨੀਅਰ (ਸੰਦ) ਇੰਜੀ. ਚੰਦਨ ਸ਼ਰਮਾ ਵੱਲੋਂ ਝੋਨੇ ਦੀ ਸਿੱਧੀ ਬਜਾਈ ਕਰਨ ਵਾਲੀ ਡੀ.ਐਸ. ਆਰ. ਡਰਿਲ ਬਾਰੇ ਤਕਨੀਕੀ ਜਾਣਕਾਰੀ ਕਿਸਾਨਾਂ ਨਾਲ ਸਾਂਝੀ ਕੀਤੀ ਗਈ। ਉਹਨਾਂ ਵੱਲੋਂ ਦੱਸਿਆ ਗਿਆ ਕਿ ਜੋ ਵੀ ਕਿਸਾਨ ਡੀ.ਐਸ.ਆਰ. ਡਰਿਲ ਤੇ ਸਬਸਿਡੀ ਲੈਣੀ ਚਾਹੁੰਦੇ ਹਨ ਉਹ ਸਮੈਮ ਸਕੀਮ ਵਿੱਚ ਅਪਲਾਈ ਕਰ ਸਕਦੇ ਹਨ। ਸਹਾਇਕ ਗੰਨਾ ਵਿਕਾਸ ਅਫਸਰ ਡਾ. ਅਸ਼ਵਿੰਦਰ ਕੁਮਾਰ ਗੁਰੂ ਵੱਲੋਂ ਗੰਨੇ ਦੀ ਫਸਲ ਵਿੱਚ ਖਾਦਾਂ ਦੀ ਸੰਤੁਲਿਤ ਵਰਤੋਂ ਬਾਰੇ ਜਾਣਕਾਰੀ ਦਿੱਤੀ ਗਈ। ਖੇਤੀਬਾੜੀ ਵਿਸਥਾਰ ਅਫਸਰ ਬੰਗਾ ਡਾ. ਵਿਕਰਮ ਸਿੰਘ ਅਤੇ ਡਾ. ਸੁਰਿੰਦਰ ਪਾਲ ਸਿੰਘ ਵੱਲੋਂ ਇਸ ਪ੍ਰਦਰਸ਼ਨੀ ਪਲਾਟ ਦੇ ਪ੍ਰੋਗਰਾਮ ਦਾ ਪੂਰਾ ਇੰਤਜ਼ਾਮ ਕੀਤਾ ਗਿਆ। ਇਸ ਮੌਕੇ ਤੇ ਦਿਲਬਾਗ ਸਿੰਘ ਨੰਬਰਦਾਰ, ਗਗਨਦੀਪ ਸਿੰਘ, ਨਿਰਮਲ ਸਿੰਘ, ਦਵਿੰਦਰ ਸਿੰਘ, ਵਰਿੰਦਰਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਹਰਜੀਤ ਸਿੰਘ, ਗੁਰਿੰਦਰ ਵੀਰ ਸਿੰਘ, ਜਗਤਾਰ ਸਿੰਘ ਅਤੇ ਕਮਲਜੀਤ ਸਿੰਘ ਸਮੇਤ 30 ਤੋਂ ਵੱਧ ਕਿਸਾਨ ਹਾਜ਼ਰ ਸਨ।

# ਆਪ ਆਗੂ ਅਸ਼ੋਕ ਕਟਾਰੀਆ ਨੇ ਪਿੰਡ ਰੈਲ ਮਾਜਰਾ ਵਿੱਚ ਲੋਕਾਂ ਦੀਆਂ ਸਮੱਸਿਆਂਵਾਂ ਸੁਣੀਆਂ

**ਨਵਾਂਸ਼ਹਿਰ /ਕਾਠਗੜ੍ਹ 20 ਮਈ (ਜਤਿੰਦਰ ਪਾਲ ਸਿੰਘ ਕਲੇਰ )** ਹਲਕਾ ਬਲਾਚੌਰ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਨੇ ਪਿੰਡ ਰੈਲ ਮਾਜਰਾ ਵਿੱਚ ਤਿੰਨਾਂ ਪੰਚਾਇਤਾਂ ਦੀ ਮੌਜੂਦਗੀ ਵਿੱਚ ਲੋਕਾਂ ਦੀਆਂ ਸਮੱਸਿਆਂਵਾਂ ਸੁਣੀਆਂ ਅਤੇ ਪਿੰਡ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਸਬੰਧੀ ਜਾਣਕਾਰੀ ਲਈ। ਉਨ੍ਹਾਂ ਭਰੋਸਾ ਦੁਆਇਆ ਕਿ ਪਿੰਡ ਵਿੱਚ ਹੋਣ ਵਾਲੇ ਵਿਕਾਸ ਦੇ ਕੰਮ ਪਹਿਲ ਦੇ ਆਧਾਰ ਤੇ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਪਿੰਡ ਵਿੱਚ ਪੀਣ ਵਾਲੇ ਬੋਰ ਦੀ ਸਮੱਸਿਆਂ ਬਹੁਤ ਜਲਦੀ ਹੱਲ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਲੋਕਾਂ ਦੇ ਕੰਮ ਕਰਨ ਲਈ ਵਚਨਬੱਧ ਹੈ ਅਤੇ ਸਾਰੇ ਹਲਕੇ ਵਿੱਚ ਕੰਮ ਵੱਡੇ ਪੱਧਰ ਤੇ ਚੱਲ



ਰਹੇ ਹਨ। ਇਸ ਮੌਕੇ ਸਰਪੰਚ ਮਾਜਰਾ ਬੇਟ ਸੁਰਿੰਦਰ ਸ਼ਰਮਾਂ, ਸਰਪੰਚ ਰੈਲ ਮੈਡਮ ਅਨੀਤਾ, ਸਮਾਜਸੇਵੀ ਸੱਤਪਾਲ ਸੰਧੂ, ਬਲਾਕ ਪ੍ਰਧਾਨ ਲਾਲੀ ਰੈਲ ਮਾਜਰਾ, ਰਿਸ਼ੀ ਭਨੋਟ, ਪੰਡਿਤ ਬ੍ਰਿਜ ਮੋਹਨ, ਸੱਤਪਾਲ ਰਾਣਾ, ਸੰਦੀਪ ਰਾਣਾ, ਸੁਭਾਸ਼ ਭਾਟੀਆ, ਸੰਨੀ ਰਾਣਾ,ਪੰਚ ਬਹਾਦਰ ਖਾਨ,ਪੰਚ ਰਮੇਸ਼ ਕੁਮਾਰ, ਸੁਖਵਿੰਦਰ ਬਿੰਦੀ ਅਤੇ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਬੱਚੇ ਹਾਜ਼ਰ ਸਨ।

**ਤਸਵੀਰ ਹਰਸਿਮਰਨ ਜੋਤ ਸਿੰਘ ਕਲੇਰ**

# ਕੇਂਦਰ ਦੀ ਮੋਦੀ ਸਰਕਾਰ ਨੇ ਡੀਜ਼ਲ-ਪੈਟਰੋਲ ਦੀਆਂ ਕੀਮਤਾਂ 'ਚ ਵਾਧਾ ਕਰਕੇ ਮੱਧ ਵਰਗ ਦਾ ਲੱਕ ਤੋੜਿਆ :ਬ੍ਰਿਗੇਡੀਅਰ ਰਾਜ ਕੁਮਾਰ

**ਨਵਾਂਸ਼ਹਿਰ 20 ਮਈ (ਜਤਿੰਦਰ ਪਾਲ ਸਿੰਘ ਕਲੇਰ )-ਕੇਂਦਰ** ਸਰਕਾਰ ਵਲੋਂ ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ 'ਚ ਕੀਤੇ ਗਏ ਵਾਧੇ ਨੇ ਕਿਸਾਨਾਂ ਤੇ ਆਮ ਲੋਕਾਂ 'ਤੇ ਆਰਥਿਕ ਬੋਝ ਹੋਰ ਵਧਾ ਦਿੱਤਾ ਹੈ। ਜਿਸ ਨਾਲ ਮੱਧ ਵਰਗ ਦੇ ਲੋਕਾਂ ਦਾ ਲੱਕ ਟੁੱਟ ਗਿਆ ਹੈ। ਇਸ ਸਬੰਧੀ ਕਾਠਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀਨੀਅਰ ਆਪ ਆਗੂ ਅਤੇ ਚੇਅਰਮੈਨ ਗੁੱਜਰ ਵੈੱਲਫੇਅਰ ਬੋਰਡ ਪੰਜਾਬ ਬ੍ਰਿਗੇਡੀਅਰ ਰਾਜ ਕੁਮਾਰ ਨੇ ਕਿਹਾ ਇਸ ਵਾਧੇ ਦਾ ਅਸਰ ਮਹਿੰਗਾਈ 'ਤੇ ਸਿੱਧਾ ਦਿਖਾਈ ਦੇਵੇਗਾ। ਉਨ੍ਹਾਂ ਕਿਹਾ ਕਿ ਡੀਜ਼ਲ-ਪੈਟਰੋਲ ਮਹਿੰਗਾ ਹੋਣ ਨਾਲ ਖਾਣ-ਪੀਣ ਵਾਲੀਆਂ ਵਸਤਾਂ ਦੇ ਭਾਅ ਵਧ ਜਾਣਗੇ। ਸਬਜ਼ੀਆਂ , ਦਾਲਾਂ, ਦੁੱਧ ਸਮੇਤ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਮਹਿੰਗੀਆਂ



ਹੋਣਗੀਆਂ। ਜਿਸ ਨਾਲ ਹੀ ਆਵਾਜਾਈ ਦੇ ਸਾਧਨਾਂ ਦੇ ਰੇਟ ਵੀ ਵੱਧ ਜਾਣਗੇ। ਬੱਸਾਂ, ਆਟੋ, ਟੈਕਸੀ ਦਾ ਕਿਰਾਇਆ ਵਧਣ ਨਾਲ ਆਮ ਆਦਮੀ ਦੀ ਜੇਬ 'ਤੇ ਸਿੱਧਾ ਡਾਕਾ ਪਵੇਗਾ । ਬ੍ਰਿਗੇਡੀਅਰ ਰਾਜ ਕੁਮਾਰ ਨੇ ਵਧਿਆ ਕੀਮਤਾਂ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਝੋਨੇ ਦੀ ਲਵਾਈ ਦਾ ਸੀਜ਼ਨ ਸ਼ੁਰੂ ਹੋਣ ਵਾਲਾ ਹੈ। ਡੀਜ਼ਲ ਮਹਿੰਗਾ ਹੋਣ ਨਾਲ ਕਟਾਈ ਤੇ ਬਿਜਾਈ ਦੇ ਸਾਧਨਾਂ ਦੇ ਰੇਟ ਵੀ ਅਸਮਾਨ ਛੂਹਣ ਲੱਗ ਪੈਣਗੇ। ਟਰੈਕਟਰ, ਕੰਬਾਈਨ ਦਾ ਖਰਚਾ ਵਧਣ ਨਾਲ ਖੇਤੀ ਲਾਗਤ ਕਈ ਗੁਣਾ ਵੱਧ ਜਾਵੇਗੀ। ਪਰ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ 'ਚ ਨਾ-ਮਾਤਰ ਵਾਧਾ ਕਿਸਾਨਾਂ ਨਾਲ ਧੋਖਾ ਹੈ। ਬ੍ਰਿਗੇਡੀਅਰ ਰਾਜ ਕੁਮਾਰ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਤੁਰੰਤ ਵਧੀਆਂ ਕੀਮਤਾਂ ਵਾਪਸ ਲਵੇ ਤੇ ਕਿਸਾਨਾਂ ਨੂੰ ਡੀਜ਼ਲ 'ਤੇ ਵਿਸ਼ੇਸ਼ ਰਾਹਤ ਦੇਵੇ।

# ਮਾਣ-ਸਤਿਕਾਰ ਅਤੇ ਅਪਣੱਤ ਦੀਆਂ ਮਹਿਕਾਂ ਵੰਡਦੀ - ਇਕ ਕੱਪ ਚਾਹ

## ਅੱਜ ਅੰਤਰਰਾਸ਼ਟਰੀ ਚਾਹ ਦਿਵਸ ਮੌਕੇ

ਅਕਸਰ ਘਰਾਂ ਵਿੱਚ ਸਵੇਰ ਦੀ ਸ਼ੁਰੂਆਤ ਇੱਕ ਗਰਮਾ-ਗਰਮ ਚਾਹ ਦੇ ਕੱਪ ਨਾਲ ਹੁੰਦੀ ਹੈ ਅਤੇ ਇਸ ਦੇ ਚਾਹਵਾਨ ਸਿਰਫ਼ ਭਾਰਤ 'ਚ ਹੀ ਨਹੀਂ, ਸਗੋਂ ਪੂਰੀ ਦੁਨੀਆ ਵਿੱਚ ਵਸਦੇ ਹਨ। ਅਫ਼ਗਾਨਿਸਤਾਨ ਅਤੇ ਈਰਾਨ ਵਰਗੇ ਦੇਸ਼ਾਂ ਵਲੋਂ ਤਾਂ ਆਪਣਾ ਰਾਸ਼ਟਰੀ ਪਥਾਰਥ ਵੀ ਚਾਹ ਨੂੰ ਹੀ ਮੰਨਿਆ ਜਾਂਦਾ ਹੈ।

ਚਾਹ ਦੇ ਬਾਗ਼ਾਂ 'ਚ ਮਜ਼ਦੂਰਾਂ ਵਲੋਂ ਤੋੜੇ ਅਤੇ ਸੁਕਾਏ ਹੋਏ ਚਾਹਪੱਤੀ ਦੇ ਇਕ-ਇਕ ਪੱਤੇ ਤੋਂ ਇਲਾਵਾ ਚਾਹ ਦਾ ਕੱਪ ਸਿਰਫ਼ ਪਾਣੀ, ਖੰਡ ਅਤੇ ਦੁੱਧ ਦਾ ਉਬਾਲਿਆ ਹੋਇਆ ਮਿਸ਼ਰਣ ਹੀ ਨਹੀਂ, ਬਲਕਿ ਇਹ ਸਾਡੇ ਸਮਾਜਿਕ ਜੀਵਨ ਵਿੱਚ ਮਾਨ-ਸਤਿਕਾਰ ਅਤੇ ਅਪਣੱਤ ਦੀ ਤਰਜਮਾਨ ਵੀ ਹੈ।

ਚਾਹ ਦਾ ਇਤਿਹਾਸ ਵੀ ਇਸਦੇ ਸੁਆਦ ਵਾਂਗ ਹੀ ਬਹੁਤ ਦਿਲਚ-ਸਪ ਹੈ। ਲੋਕ ਕਥਾਵਾਂ ਅਨੁਸਾਰ ਲਗਭਗ 2700 ਸਾਲ ਪਹਿਲਾਂ ਚੀਨ ਦੇ ਸਮਰਾਟ ਸ਼ੇਨ ਨੋਂਗ ਆਪਣੇ ਬਾਗ ਵਿੱਚ ਬੈਠੇ ਗਰਮ ਪਾਣੀ ਪੀ ਰਹੇ ਸਨ ਕਿ ਹਵਾ ਨਾਲ ਉੱਡ ਕੇ ਕੁਝ ਪੱਤੇ ਉਸ ਪਾਣੀ ਵਿੱਚ ਡਿੱਗ ਪਏ। ਪਾਣੀ ਦਾ ਰੰਗ ਬਦਲ ਗਿਆ ਅਤੇ ਉਸ ਵਿੱਚੋਂ ਸੁਗੰਧੀ ਫੈਲਣ ਲੱਗੀ। ਜਦੋਂ ਸਮਰਾਟ ਨੇ ਉਹ ਪਾਣੀ ਪੀਤਾ ਤਾਂ ਉਸ ਦਾ ਸੁਆਦ ਮਨ ਨੂੰ ਭਾਅ ਗਿਆ। ਇਸ ਤਰ੍ਹਾਂ ਚਾਹ ਦੀ ਖੋਜ ਇੱਕ ਇਤਫ਼ਾਕ ਮੰਨੀ ਜਾਂਦੀ ਹੈ।

ਇੱਕ ਹੋਰ ਪ੍ਰਚਲਿਤ ਕਹਾਣੀ ਅਨੁਸਾਰ ਲਗਭਗ 750 ਸਾਲ ਪਹਿਲਾਂ ਬੋਧ ਭੀਕਸ਼ੂ ਲੰਬੇ ਧਿਆਨ ਦੌਰਾਨ ਨੀਂਦ ਤੋਂ ਬਚਣ ਲਈ ਇੱਕ ਵਿਸ਼ੇਸ਼ ਬੂਟੇ ਦੇ ਪੱਤੇ ਚਬਾਉਂਦੇ ਸਨ। ਇਹ ਪੱਤੇ ਉਨ੍ਹਾਂ ਨੂੰ ਤਾਜ਼ਗੀ ਪ੍ਰਦਾਨ ਕਰਦੇ ਸਨ। ਬਾਅਦ ਵਿੱਚ ਇਸੇ ਬੂਟੇ ਨੂੰ ਚਾਹ ਦੇ ਬੂਟੇ ਵਜੋਂ ਪਛਾਣਿਆ ਗਿਆ। ਛੇਵੀਂ ਸਦੀ ਵਿੱਚ ਚਾਹ ਪੀਣ ਦੀ ਪਰੰਪਰਾ ਚੀਨ ਤੋਂ ਜਾਪਾਨ ਤੱਕ ਪਹੁੰਚੀ ਅਤੇ ਯੂਰਪ ਵਿੱਚ ਇਸਦਾ ਪ੍ਰਚਾਰ ਸਭ ਤੋਂ ਪਹਿਲਾਂ ਪੁਰਤਗਾਲ ਰਾਹੀਂ ਹੋਇਆ।

ਬਾਅਦ ਵਿਚ 1824 'ਚ ਬਰਮਾ ਅਤੇ ਅਸਾਮ ਦੀਆਂ ਪਹਾੜੀਆਂ



ਵਿੱਚ ਚਾਹ ਦੇ ਬੂਟੇ ਮਿਲੇ ਅਤੇ 1836 ਵਿੱਚ ਭਾਰਤ ਵਿੱਚ ਬ੍ਰਿਟਿਸ਼ ਹਕੂਮਤ ਵਲੋਂ ਵਪਾਰਕ ਪੱਧਰ 'ਤੇ ਚਾਹ ਦਾ ਉਤਪਾਦਨ ਸ਼ੁਰੂ ਹੋਇਆ।

ਚਾਹ ਦੀ ਮਹੱਤਤਾ ਸਿਰਫ਼ ਇਸਦੇ ਇਤਿਹਾਸ ਜਾਂ ਵਪਾਰ ਤੱਕ ਸੀਮਿਤ ਨਹੀਂ ਰਹੀ, ਸਗੋਂ ਇਹ ਆਮ ਲੋਕਾਂ ਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਵੀ ਬਣ ਗਈ। ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਸ਼ਹਿਰਾਂ ਦੇ ਦਫ਼ਤਰਾਂ ਦੀਆਂ ਮੀਟਿੰਗਾਂ ਤੱਕ ਅਕਸਰ ਗੱਲਬਾਤ ਦੀ ਸ਼ੁਰੂਆਤ ਚਾਹ ਨਾਲ ਹੀ ਹੁੰਦੀ। ਘਰ ਆਏ ਪ੍ਰਹੋਣੇ ਨੂੰ ਸਭ ਤੋਂ ਪਹਿਲਾਂ ਚਾਹ ਦੀ ਪੇਸ਼ਕਸ਼ ਕਰਨੀ ਸਤਿਕਾਰ ਦੀ ਨਿਸ਼ਾਨੀ ਮੰਨੀ ਜਾਂਦੀ ਹੈ।

ਪੰਜਾਬੀ ਭਾਈਚਾਰੇ ਵਿੱਚ ਤਾਂ ਚਾਹ ਪ੍ਰਹੋਣਚਾਰੀ ਦੀ ਪਰੰਪਰਾ ਬਹੁਤ ਗੂੜ੍ਹੇ ਰੰਗਾਂ ਨਾਲ ਜੁੜੀ ਹੋਈ ਹੈ। "ਚਾਹ ਪੀ ਕੇ ਜਾਇਓ ਜੀ" ਸਿਰਫ਼ ਕਹਿਣਾ ਹੀ ਅਪਣੱਤ ਅਤੇ ਪਿਆਰ ਦਾ ਸੁਹਾਵਾ ਪ੍ਰਗਟਾਵਾ ਦਰਸਾਉਂਦਾ ਹੈ। ਚਾਹ ਦਾ ਇਕ ਕੱਪ ਸਾਨੂੰ ਇਹ ਵੀ ਸਿਖਾਉਂਦਾ ਹੈ ਕਿ ਸਤਿਕਾਰ ਵੱਡੇ ਖ਼ਰਚਿਆਂ ਨਾਲ ਨਹੀਂ, ਸਗੋਂ ਸਾਦਗੀ ਅਤੇ ਸੱਚੇ ਦਿਲੋਂ ਵੀ ਦਿੱਤਾ ਜਾ ਸਕਦਾ ਹੈ।

ਵਿਆਹ-ਸ਼ਾਦੀਆਂ, ਦੁੱਖ-ਸੁੱਖ ਜਾਂ ਰਿਸ਼ਤਾ ਵੇਖਣ ਦੀ ਪਹਿਲੀ ਮੁਲਾਕਾਤ—ਹਰ ਥਾਂ ਚਾਹ ਆਪਣੀ ਹਾਜ਼ਰੀ ਦਰਜ ਕਰਵਾਉਂਦੀ ਆਈ ਹੈ। ਇਸੇ ਕਾਰਨ ਇਹ ਰਿਸ਼ਤਿਆਂ ਨੂੰ ਜੋੜਨ ਵਾਲੀ ਇੱਕ ਮਿੱਠੀ ਡੋਰ ਬਣ ਚੁੱਕੀ ਹੈ।

ਅੱਜ ਦੇ ਮਸ਼ੀਨੀ ਅਤੇ ਤੇਜ਼ ਰਫ਼ਤਾਰ ਯੁੱਗ ਵਿੱਚ ਜਿੱਥੇ ਪੀਣ ਵਾਲੇ ਅਣਗਿਣਤ ਪਦਾਰਥ ਮੌਜੂਦ ਹਨ ਪਰ ਚਾਹ ਦੀ ਪਛਾਣ ਅਤੇ ਸੁਆਦ ਉਸੇ ਤਰ੍ਹਾਂ ਕਾਇਮ ਹੈ। ਭਾਵੇਂ ਬਾਕੀ ਦੇ ਪੀਣ ਵਾਲੇ ਪਦਾਰਥ ਲੋਕਪ੍ਰਿਯ ਹੋ ਰਹੇ ਹਨ, ਪਰ ਚਾਹ ਦੀ ਪਿਆਲੀ ਅੱਜ ਵੀ ਲੋਕਾਂ ਨੂੰ ਇਕੱਠੇ ਬੈਠਣ ਅਤੇ ਗੱਲਬਾਤ ਕਰਨ ਦਾ ਮੌਕਾ ਦਿੰਦੀ ਹੈ। ਪਾਣੀ ਤੋਂ ਬਾਅਦ ਸਭ ਤੋਂ ਵੱਧ ਪੀਤਾ ਜਾਣ ਵਾਲਾ ਇਹ ਪਦਾਰਥ ਕੁਝ ਲੋਕਾਂ ਲਈ ਤਾਜ਼ਗੀ ਅਤੇ ਊਰਜਾ ਦਾ ਸਰੋਤ ਹੈ, ਜਦਕਿ ਹੋਰਾਂ ਲਈ ਸਿਹਤ ਉੱਤੇ ਅਸਰ ਪਾਉਣ ਵਾਲਾ ਤੱਤ ਵੀ ਹੈ। ਇਸਦੇ ਲਾਭ ਅਤੇ ਹਾਨੀਆਂ ਬਾਰੇ ਵਿਚਾਰ-ਵਟਾਂਦਰਾ ਅਜੇ ਵੀ ਜਾਰੀ ਹੈ।

ਸਵੇਰ ਦੀ ਤਾਜ਼ਗੀ ਭਰੀ ਸ਼ੁਰੂਆਤ ਹੋਵੇ ਜਾਂ ਸ਼ਾਮ ਦੀ ਥਕਾਵਟ ਦੂਰ ਕਰਨੀ ਹੋਵੇ, ਚਾਹ ਹਰ ਦਿਲ ਦੀ ਪਸੰਦ ਬਣ ਚੁੱਕੀ ਹੈ। ਹਰ ਮੌਸਮ ਵਿੱਚ ਚਾਹ ਦਾ ਘੁੱਟ ਆਪਣਾ ਅਲੱਗ ਹੀ ਤਰ੍ਹਾਂ ਦਾ ਸੁਆਦ ਬਣਾਉਂਦਾ ਹੈ। ਇਸੇ ਮਹੱਤਵ ਨੂੰ ਦਰਸਾਉਂਦਿਆਂ ਹਰ ਸਾਲ 21 ਮਈ ਨੂੰ ਅੰਤਰਰਾਸ਼ਟਰੀ ਚਾਹ ਦਿਵਸ ਮਨਾਇਆ ਜਾਂਦਾ ਹੈ ਅਤੇ ਇਸ ਦੀ ਸ਼ੁਰੂਆਤ ਭਾਰਤ ਵਿੱਚ 2005 ਵਿੱਚ ਹੋਈ ਸੀ। ਇਹ ਦਿਵਸ ਖਾਸ ਤੌਰ 'ਤੇ ਚਾਹ ਦੇ ਬਾਗਾਂ ਅਤੇ ਚਾਹ ਉਦਯੋਗ ਨਾਲ ਜੁੜੇ ਮਜ਼ਦੂਰਾਂ ਦੀ ਭਲਾਈ ਅਤੇ ਉਨ੍ਹਾਂ ਦੇ ਹੱਕਾਂ ਲਈ ਸਮਰਪਿਤ ਹੈ।



**ਬਲਦੇਵ ਸਿੰਘ ਬੇਦੀ**
**ਜਲੰਧਰ**
**9041925181**

# ਪੰਜਾਬ : ਪਾਣੀ ਦੀ ਕਹਾਣੀ

ਜਦੋਂ ਅਸੀਂ ਪੰਜਾਬ ਦੇ ਪਾਣੀਆਂ ਦੀ ਗੱਲ ਕਰਦੇ ਹਾਂ ਤਾਂ ਭਾਖੜਾ ਨਹਿਰ ਦਾ ਜ਼ਿਕਰ ਕਰਨਾ ਬੇਹੱਦ ਜ਼ਰੂਰੀ ਹੋ ਜਾਂਦਾ ਹੈ। ਲਗਪਗ ਪੰਜਾਹ ਸਾਲ ਤੋਂ ਪੰਜਾਬ ਨੂੰ ਹਰਿਆ ਭਰਿਆ ਬਣਾਈ ਰੱਖਣ ਵਿੱਚ ਭਾਖੜਾ ਨਹਿਰ ਦਾ ਵੱਡਾ ਯੋਗਦਾਨ ਹੈ। ਜੇਕਰ ਅਸੀਂ ਇਸ ਨੂੰ ਪੰਜਾਬ ਦੀ ਜੀਵਨ ਰੇਖਾ ਕਹਿ ਦੇਈਏ ਤਾਂ ਸ਼ਾਇਦ ਗਲਤ ਨਹੀਂ ਹੋਵੇਗਾ। ਮੇਰੇ ਪਿੰਡ ਦੇ ਦੱਖਣ ਵੱਲ ਇਹ ਨਹਿਰ ਲਗਪਗ ਇੱਕ ਕਿਲੋਮੀਟਰ ਦੀ ਦੂਰੀ ਤੇ ਹੈ ਅਤੇ ਜਦੋਂ ਦੀ ਸੁਰਤ ਸੰਭਾਲੀ ਹੈ ਅਸੀਂ ਇਸ ਦੇ ਬੇਹੱਦ ਸਾਫ਼ ਅਤੇ ਸੁਆਦਲੇ ਪਾਣੀ ਨੂੰ ਜ਼ਿੰਦਗੀ ਦੇ ਹਰ ਪਲ ਵਿੱਚ ਮਾਣਿਆ ਹੈ। ਲਗਪਗ ਨੱਬੇ ਦੇ ਦਹਾਕੇ ਦੀ ਸ਼ੁਰੂਆਤ ਵਿੱਚ ਜਦੋਂ ਸਾਡੇ ਆਸੇ ਪਾਸੇ ਦੇ ਪਿੰਡਾਂ ਵਿਚ ਸੇਮ ਕਾਰਨ ਪਾਣੀ ਦਾ ਪੱਧਰ ਉਪਰ ਆ ਗਿਆ ਤਾਂ ਸਾਡੇ ਲੋਕਾਂ ਨੇ ਆਪਣੀ ਖੇਤੀ ਦਾ ਰੁੱਖ ਝੋਨੇ ਵੱਲ ਕਰ ਦਿੱਤਾ। ਉਦੋਂ ਤੋਂ ਲੈ ਕੇ ਹੁਣ ਤਕ ਬੇਸ਼ੱਕ ਬਹੁਤ ਸਾਰੇ ਲੋਕਾਂ ਨੇ ਵੱਖ ਵੱਖ ਤਜਰਬੇ ਕੀਤੇ ਹੋਣਗੇ ਪਰ ਝੋਨਾ ਸਭ ਤੋਂ ਲਾਭਕਾਰੀ ਫਸਲ ਦੇ ਤੌਰ ਤੇ ਬੀਜਿਆ ਜਾਂਦਾ ਹੈ। ਇੱਕੀਵੀਂ ਸਦੀ ਦੀ ਸ਼ੁਰੂਆਤ ਵਿੱਚ ਪੰਜਾਬ ਵਿੱਚ OYT ਸਕੀਮ ਦੇ ਆਉਣ ਨਾਲ ਖੇਤਾਂ ਵਾਲੀਆਂ ਮੋਟਰਾਂ ਦੀ ਗਿਣਤੀ ਬੇਹੱਦ ਤੇਜ਼ੀ ਨਾਲ ਵਧੀ। ਖਾਸ ਕਰਕੇ ਬਠਿੰਡਾ ਮਾਨਸਾ ਏਰੀਏ ਵਿਚ ਇਸ ਤੋਂ ਪਹਿਲਾਂ ਮੋਟਰਾਂ ਨਾਂਮਾਤਰ ਹੀ ਸਨ। ਪਰ ਜੇਕਰ ਅੱਜ ਦੇ ਸਮੇਂ ਵਿੱਚ ਦੇਖੀਏ ਤਾਂ ਅਸੀਂ ਇੱਕ ਵੱਡਾ ਫ਼ਰਕ ਦੇਖਦੇ ਹਾਂ। ਸ਼ੁਰੂਆਤ ਵਿੱਚ ਸਾਡੇ ਇਲਾਕੇ ਵਿੱਚ ਪਾਣੀ ਵਾਲੀਆਂ ਮੋਟਰਾਂ ਲਾਉਣ ਵਾਸਤੇ ਡੂੰਘੇ ਖੂਹ ਨਹੀਂ ਸਨ ਪੁੱਟੇ ਜਾਂਦੇ ਅਤੇ ਕਈ ਵਾਰ ਤਾਂ ਇਹ ਧਰਤੀ ਦੇ ਉੱਪਰ ਰੱਖ ਕੇ ਹੀ ਚਲਾਈਆਂ ਜਾਂਦੀਆਂ ਸਨ। ਫਿਰ ਹੌਲੀ ਹੌਲੀ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਜਾਣ ਕਰਕੇ ਖੂਹ ਵੀ ਡੂੰਘੇ ਹੁੰਦੇ ਗਏ ਅਤੇ ਹੁਣ ਹਾਲਾਤ ਇਹ ਬਣ ਚੁੱਕੇ ਹਨ ਕਿ ਮੋਨੋ ਬਲਾਕ ਮੋਟਰਾਂ ਦਾ ਦੌਰ ਗੁਜ਼ਰ ਚੁੱਕਿਆ ਹੈ ਪਾਣੀ ਡੂੰਘੇ ਹੋਣ ਕਰਕੇ ਸਬਮਰਸੀਬਲ ਮੋਟਰਾਂ ਲਗਾਈਆਂ ਜਾ ਰਹੀਆਂ ਹਨ । ਅਤੇ ਇਹ ਬਿਲਕੁਲ ਪ੍ਰਤੱਖ ਹੋ ਚੁੱਕਿਆ ਹੈ ਕਿ ਪੰਜਾਬ ਦੇ ਕਿਸਾਨਾਂ ਨੇ ਆਪਣੀ ਧਰਤੀ ਹੇਠਲਾ ਪਾਣੀ ਲਗਪਗ ਖ਼ਤਮ ਕਰ ਲਿਆ ਹੈ ।

ਇਹ ਗੱਲ ਤਾਂ ਬਿਲਕੁਲ ਪ੍ਰਤੱਖ ਹੋ ਚੁੱਕੀ ਹੈ ਕਿ ਅਸੀਂ ਪਿਛਲੇ ਤੀਹ ਸਾਲਾਂ ਵਿਚ ਝੋਨਾ ਬੀਜਣ ਕਰਕੇ ਧਰਤੀ ਹੇਠਲਾ ਪਾਣੀ ਲਗਪਗ ਮੁਕਾ ਲਿਆ ਹੈ ਪਰ ਇੱਥੇ ਇਕ ਹੋਰ ਬੇਹੱਦ ਚੌਂਕਾ ਦੇਣ ਵਾਲੀ ਗੱਲ ਸਾਹਮਣੇ ਆਉਂਦੀ ਹੈ। ਉਹ ਇਹ ਹੈ ਕਿ ਪਿਛਲੇ ਲਗਪਗ ਵੀਹ ਸਾਲਾਂ ਤੋਂ ਜਿੱਥੇ ਅਸੀਂ ਆਪਣੀਆਂ ਮੋਟਰਾਂ ਨਾਲ ਧਰਤੀ ਹੇਠਲਾ ਪਾਣੀ ਕੱਢਦੇ ਗਏ ਉੱਥੇ ਅਸੀਂ ਆਪਣੇ ਨਹਿਰੀ ਪਾਣੀ ਨੂੰ ਸੰਭਾਲਣਾ ਬਿਲਕੁਲ ਹੀ ਭੁੱਲ ਗਏ ।

ਇਕ ਸਮਾਂ ਹੁੰਦਾ ਸੀ ਜਦੋਂ ਅਸੀਂ ਨਹਿਰੀ ਪਾਣੀ ਦੀਆਂ ਵਾਰੀਆਂ ਲਾਉਣ ਲਈ ਦਿਨ ਰਾਤ ਇੱਕ ਕਰ ਦਿੰਦੇ ਸੀ ਅਤੇ ਉਦੋਂ ਇਸ ਪਾਣੀ ਦੀ ਵਾਰੀ ਦਾ ਇੱਕ ਇੱਕ ਮਿੰਟ ਜਾਨਾਂ ਤੋਂ ਵੱਧ ਕੀਮਤੀ ਹੁੰਦਾ ਸੀ। ਪਰ ਭ੍ਰਿਸ਼ਟ ਅਤੇ ਚਲਾਕ ਰਾਜਨੀਤਕ ਲੋਕਾਂ ਨੇ ਸਾਡੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਦੇ ਕੇ ਉਨ੍ਹਾਂ ਤੋਂ ਉਨ੍ਹਾਂ ਦਾ ਕੀਮਤੀ ਨਹਿਰੀ ਪਾਣੀ ਚੁਰਾ ਲਿਆ ਗਿਆ। ਇਹ ਗੱਲ ਮੈਂ ਨਿੱਜੀ ਤੌਰ ਤੇ ਕਈ ਸਾਲਾਂ ਤੋਂ ਮਹਿਸੂਸ ਕਰਦਾ ਰਿਹਾ ਹਾਂ ਕਿ ਅਸੀਂ ਮੁਫ਼ਤ ਬਿਜਲੀ ਦੀ ਸਹੂਲਤ ਮਾਣਦੇ ਮਾਣਦੇ ਨਹਿਰੀ ਪਾਣੀ ਦੀਆਂ ਵਾਰੀਆਂ ਲਾਉਣੀਆਂ ਬਿਲਕੁਲ ਹੀ ਛੱਡ ਚੁੱਕੇ ਹਾਂ।

ਹੋ ਸਕਦਾ ਹੈ ਕਿ ਬਹੁਤ ਸਾਰੇ ਲੋਕ ਇਹ ਗੱਲ ਕਹਿੰਦੇ ਹੋਣ ਕਿ ਉਹ ਆਪਣੀਆਂ ਪਾਣੀ ਦੀਆਂ ਵਾਰੀਆਂ ਲਾਉਂਦੇ ਹਨ ਪਰ ਪਿਛਲੇ ਲੰਬੇ ਸਮੇਂ ਤੋਂ ਇਹ ਗੱਲ ਪੱਕੀ ਹੈ ਕਿ ਲੋਕਾਂ ਨੇ ਨਹਿਰੀ ਪਾਣੀ ਦੇ ਬਦਲ ਵਜੋਂ ਧਰਤੀ ਹੇਠਲਾ ਪਾਣੀ ਅਪਣਾ ਲਿਆ ਹੈ। ਜਿਸ ਕਰਕੇ ਸਰਕਾਰੀ ਤੰਤਰ ਨੇ ਲੋਕਾਂ ਨੂੰ ਉਪਲਬਧ ਨਹਿਰੀ ਪਾਣੀ ਵਿੱਚ ਲਗਾਤਾਰ ਕਟੌਤੀ ਕੀਤੀ ਹੈ। ਜਿਹੜੇ ਲੋਕ ਖੇਤੀ ਦੇ ਧੰਦੇ ਨਾਲ ਜੁੜੇ ਹੋਏ ਹਨ ਉਹ ਲੋਕ ਬੜੀ ਸਪੱਸ਼ਟਤਾ ਨਾਲ ਇਹ ਗੱਲ ਕਹਿ ਸਕਦੇ ਹਨ ਕਿ ਪਿਛਲੇ ਕਈ ਸਾਲਾਂ ਤੋਂ ਉਨ੍ਹਾਂ ਨੂੰ ਮਿਲਣ ਵਾਲੇ ਨਹਿਰੀ ਪਾਣੀ ਵਿੱਚ ਕਟੌਤੀ ਹੋ ਰਹੀ ਹੈ ।ਇਸ ਸਬੰਧ ਵਿੱਚ ਦੋਨੋਂ ਵਿਚਾਰ ਸਹੀ ਹੋ ਸਕਦੇ ਹਨ। ਪਹਿਲਾ ਲੋਕਾਂ ਵੱਲੋਂ ਨਹਿਰੀ ਪਾਣੀ ਦੀ ਮੰਗ ਘਟ ਗਈ ਕਿਉਂਕਿ ਉਨ੍ਹਾਂ ਨੇ ਫ੍ਰੀ ਬਿਜਲੀ ਮਿਲਣ ਕਰਕੇ ਧਰਤੀ ਹੇਠਲਾ ਪਾਣੀ ਵਰਤਣਾ ਸ਼ੁਰੂ ਕਰ ਦਿੱਤਾ ਜਾਂ ਨਹਿਰੀ ਪਾਣੀ ਦੀ ਸਪਲਾਈ ਘਟਣ ਕਾਰਨ ਧਰਤੀ ਹੇਠਲਾ ਪਾਣੀ ਮਜਬੂਰੀ ਵੱਸ ਵਰਤਣ ਦੀ ਲੋੜ ਵਧ ਗਈ।ਪਰ ਇਹ ਵਿਵਾਦ ਦਾ ਵਿਸ਼ਾ ਨਹੀਂ। ਅਸਲ ਮੁੱਦਾ ਇਹ ਹੈ ਕਿ ਸਾਡਾ ਨਹਿਰੀ ਪਾਣੀ ਸਾਡੇ ਖੋਹਿਆ ਗਿਆ ਜਿਸ ਦੀ ਦੁਬਾਰਾ ਮਿਲਣ ਦੀ ਸੰਭਾਵਨਾ ਵੀ ਨਹੀਂ ਹੈ। ਬੇਸ਼ੱਕ ਰਾਜਨੀਤਕ ਪਾਰਟੀਆਂ ਵੱਲੋਂ ਵੱਖ ਵੱਖ ਸਮਿਆਂ ਤੇ ਸ਼ੈਲ਼ ਨਹਿਰ ਅਤੇ ਦੂਜਿਆਂ ਸੂਬਿਆਂ ਨੂੰ ਪਾਣੀ ਨਾ ਦੇਣ ਨੂੰ ਚੋਣ ਮੁੱਦੇ ਬਣਾ ਕੇ ਇੱਕ ਤਰ੍ਹਾਂ ਲੋਕਾਂ ਨੂੰ ਇਸ ਮਸਲੇ ਪ੍ਰਤੀ ਉਦਾਸੀਨ ਬਣਾ ਦਿੱਤਾ ਪਰ ਇਹ ਮੁੱਦਾ ਆਉਣ ਵਾਲੇ ਦਹਾਕਿਆਂ ਵਿੱਚ ਇੱਕ ਵੱਡੀ ਸਿਰਦਰਦੀ ਬਣ ਕੇ ਪੰਜਾਬ ਦੇ ਲੋਕਾਂ ਨੂੰ ਪੇਸ਼ ਆਵੇਗਾ। ਫਿਲਹਾਲ ਇਸ ਦਾ ਕੋਈ ਸਪੱਸ਼ਟ ਹੱਲ ਨਜਰ ਨਹੀਂ ਆ ਰਿਹਾ।ਬਿਨਾ ਸ਼ੱਕ ਇਹ ਅਹਿਮ ਮਸਲਾ ਸਿੱਧੇ ਤੌਰ ਤੇ ਪੰਜਾਬ ਦੀ ਕਿਸਾਨੀ ਅਤੇ ਆਰਥਿਕਤਾ ਨਾਲ ਜੁੜਿਆ ਹੋਇਆ ਹੈ। ਇਸ ਦੇ ਨਾਲ ਹੀ ਪਿਛਲੇ ਕਈ ਸਾਲਾਂ ਤੋਂ ਮਾਹਿਰ ਲੋਕ ਇਹ ਚੇਤਾਵਨੀ ਦਿੰਦੇ ਆ ਰਹੇ ਹਨ ਕਿ ਜਮੀਨੀ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾਣ ਕਾਰਨ ਪੰਜਾਬ ਦੀ ਧਰਤੀ ਥੋੜੇ ਸਾਲ ਬਾਅਦ ਰੇਗਿਸਥਾਨ ਬਣ ਜਾਵੇਗੀ। ਅਸੀਂ ਵੱਡੀ ਪੱਧਰ ਤੇ ਧਰਤੀ ਹੇਠਲੇ ਪਾਣੀ ਨੂੰ ਖੇਤੀ ਅਤੇ ਹੋਰ ਕੰਮਾਂ ਲਈ ਵਰਤ ਰਹੇ ਹਾਂ ਪਰ ਨਾ ਸਾਡੇ ਕੋਲ ਅਤੇ ਨਾ ਹੀ ਸਾਡੀਆਂ ਸਰਕਾਰਾਂ ਕੋਲ ਇਸ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਕੋਈ ਠੋਸ ਯੋਜਨਾ ਹੈ।

ਅਸੀਂ ਇਸ ਲਈ ਸਚਮੁੱਚ ਹੀ ਗੰਭੀਰ ਨਹੀਂ ਹਾਂ। ਬਰਸਾਤਾਂ ਦੇ ਸਮੇਂ ਅਰਬਾਂ ਲੀਟਰ ਪਾਣੀ ਬਿਨਾਂ ਕਿਸੇ ਸੰਭਾਲ ਦੇ ਖਰਾਬ ਹੋ ਰਿਹਾ ਹੈ।ਅਤੇ ਕਈ ਵਾਰ ਤਾਂ ਇਹ ਪਾਣੀ ਹੜ੍ਹਾਂ ਦੇ ਰੂਪ ਵਿੱਚ ਤਬਾਹੀ ਮਚਾਉਂਦਾ ਹੈ। ਕੀ ਇਸ ਵਾਧੂ ਪਾਣੀ ਨੂੰ ਧਰਤੀ ਦੇ ਹੇਠਾਂ ਸਟੋਰ ਨਹੀਂ ਕੀਤਾ ਜਾ ਸਕਦਾ। ਟੈਕਨਾਲੋਜੀ ਦੇ ਇਸ ਜਮਾਨੇ ਵਿੱਚ ਵੀ ਅਸੀਂ ਰੇਨ ਵਾਟਰ ਹਾਰਵੈਸਟਿੰਗ ਸਿਸਟਮ ਵਰਗੀਆਂ ਚੀਜਾਂ ਬਾਰੇ ਕੁਝ ਨਹੀਂ ਕਰ ਰਹੇ। ਮੈਨੂੰ ਲੱਗਦਾ ਹੈ ਕਿ ਇਸ ਤਰੀਕੇ ਨਾਲ ਅਸੀਂ ਕੀਮਤੀ ਪਾਣੀ ਨੂੰ ਧਰਤੀ ਹੇਠਾਂ ਸਾਂਭ ਸਕਦੇ ਹਾਂ। ਇਸ ਨਾਲ ਜਿੱਥੇ ਧਰਤੀ ਹੇਠਲੇ ਪਾਣੀ ਦਾ ਪੱਧਰ ਉੱਪਰ ਆਉਣ ਦੀ ਸੰਭਾਵਨਾ ਬਣਦੀ ਹੈ ਉੱਥੇ ਹੜ੍ਹਾਂ ਨੂੰ ਕੰਟਰੋਲ ਵੀ ਕੀਤਾ ਜਾ ਸਕਦਾ ਹੈ ਅਤੇ ਪਿੰਡਾਂ ਸ਼ਹਿਰਾਂ ਵਿੱਚ ਬਰਸਾਤਾਂ ਦੇ ਪਾਣੀ ਦੀ ਨਿਕਾਸੀ ਦਾ ਹੱਲ ਵੀ ਸੰਭਵ ਹੈ।



**ਗੁਰਦੀਪ ਕੌਰੇਆਣਾ।**

# ਜੀਵਨ ਇੱਕ ਯਾਤਰਾ ਹੈ

ਸਾਡਾ ਮਨੁੱਖੀ ਜੀਵਨ ਵਿੱਚ ਬਹੁਤ ਸਾਰੀਆਂ ਉਲਝਣਾ ਨਾਲ ਉਲਝਿਆ ਹੋਇਆ ਹੈ,ਪਰ ਮਨੁੱਖ ਜੀਵਨ ਵਿੱਚ ਘੱਟ ਹੀ ਪ੍ਰਵਾਹ ਕਰਦਾ ਹੈ।ਇਸ ਦੇ ਅੰਦਰ ਬਹੁਤ ਸਾਰੀ ਸ਼ਕਤੀ ਭਰੀ ਹੋਈ ਹੋਣ ਦੇ ਬਾਵਜੂਦ ਵੀ ਡਰ ਅਤੇ ਸ਼ੱਕ ਵਿੱਚ ਫ਼ਸ ਕੇ ਆਪਣੇ ਆਪ ਨੂੰ ਸੀਮਤ ਜਿਹਾ ਕਰ ਲਿਆ ਹੈ।ਸੱਚਾਈ ਇਹ ਹੈ ਕਿ ਇਹ ਸੱਭ ਬਾਹਰੀ ਚਮਕ ਦਾ ਨਤੀਜਾ ਨਹੀ ਹੈ,ਇਹ ਸਾਡੇ ਅੰਦਰ ਪੁੰਗਰ ਰਹੇ ਵਿਚਾਰਾਂ,ਭਾਵਨਾਵਾਂ ਅਤੇ ਸੰਕਲਪਾਂ ਦਾ ਹੀ ਨਤੀਜਾ ਹੈ।ਸਿਰਫ਼ ਉਹੀ ਵਿਅਕਤੀ ਜੋ ਆਪਣੇ ਡਰ ਤੋਂ ਉਪਰ ਉਠਦਾ ਹੈ ਅਤੇ ਆਤਮ ਵਿਸ਼ਵਾਸ਼ ਨਾਲ ਅੱਗੇ ਵੱਧਣ ਦੀ ਹਿੰਮਤ ਜਿਟ-ਾਉਦਾ ਹੈ,ਜੋ ਜੀਵਨ ਦੀਆਂ ਉਚਾਂਈਆਂ ਤੱਕ ਪਹੁੰਚਣ ਦੇ ਯੋਗ ਹੁੰਦਾ ਹੈ।ਬਾਕੀ ਜੀਵਨ ਤਾਂ ਸਾਰੀ ਦੁਨੀਆਂ ਹੀ ਬਤੀਤ ਕਰ ਰਹੀ ਹੈ,ਕੋਈ ਕਿਸੇ ਤਰਾਂ ਕਰ ਰਿਹਾ ਹੈ ਤਾਂ ਕੋਈ ਰੋ ਪਿੱਟ ਕੇ ਕਰ ਰਿਹਾ ਹੈ। ਡਰ ਮਨੁੱਖਤਾ ਦਾ ਸੱਭ ਤੋਂ ਪੁਰਾਣਾ ਸਾਥੀ ਹੈ।ਇਹ ਅਨੇਕਾਂ ਹੀ ਰੂਪ ਵਿੱਚ ਵਿਕਸਿਤ ਹੁੰਦਾ ਹੈ ਜਿਵੇਂ ਕਈ ਵਾਰ ਇਹ ਅਸਫਲਤਾ ਦੇ ਡਰ ਦੇ ਰੂਪ ਵਿੱਚ ਪੈਦਾ ਹੁੰਦਾ ਹੈ,ਕਦੇ ਇਹ ਸਮਾਜਿਕ ਆਲੋਚਨਾ ਦੇ ਰੂਪ ਵਿੱਚ ਪੈਦਾ ਹੁੰਦਾ ਹੈ,ਕਈ ਵਾਰ ਇਹ ਭਵਿੱਖ ਦੀਆਂ ਅਨੇਕਾਂ ਹੀ ਚਿੰਤਾਵਾਂ ਦੇ ਰੂਪ ਵਿੱਚ ਪੈਦਾ ਹੁੰਦਾ ਹੈ,ਅਤੇ ਕਈ ਵਾਰ ਇਹ ਸਾਡੇ ਆਉਣ ਵਾਲੇ ਸਮੇਂ ਉਤੇ ਪਿੱਛਲੀਆਂ ਅਸਫ਼ਲਤਾਵਾਂ ਦੇ ਪ੍ਰਛਾਵੇਂ ਦੇ ਰੂਪ ਵਿੱਚ ਛਾਇਆ ਬਣ ਕੇ ਰਹਿੰਦਾ ਹੈ।ਡਰ ਦਾ ਕੁਝ ਸੁਭਾਅ ਹੀ ਕੁੱਝ ਇਹੋ ਜਿਹਾ ਹੈ ਕਿ ਸਾਡੇ ਮਨਾਂ ਵਿੱਚ ਸ਼ੱਕ ਜਿਹਾ ਪੈਦਾ ਕਰ ਦਿੰਦਾ ਹੈ,ਅਤੇ ਇਹ ਸ਼ੱਕ ਹੌਲੀ-ਹੌਲੀ ਸਾਡੇ ਆਤਮ ਵਿਸ਼ਵਾਸ਼ ਨੂੰ ਖਤਮ ਕਰ ਦਿੰਦਾ ਹੈ।ਜਦੋ ਸਾਡੇ ਮਨ ਅੰਦਰ ਸਵਾਲ ਉਠਦਾ ਹੈ ਕਿ ਕੀ ਅਸੀ ਇਹ ਕਰ ਸਕਦੇ ਹਾਂ,ਤਾਂ ਉਦੋਂ ਤੋਂ ਹੀ ਸਾਡੀ ਹਾਰ ਦਾ ਦੌਰ ਸ਼ੁਰੂ ਹੋ ਜਾਦਾ ਹੈ।ਸਿਰਫ਼ ਉਹੀ ਵਿਅਕਤੀ ਜੀਵਨ ਦੀ ਦਿਸ਼ਾਂ ਬਦਲ ਸਕਦਾ ਹੈ ਜੋ ਇਹਨਾਂ ਚੁਣੌਤੀਆਂ ਨੂੰ ਬਦਲਣ ਦਾ ਦਮ ਰੱਖਦਾ ਹੈ।ਉਸ ਦੇ ਅੰਦਰੋਂ ਅਵਾਜ਼ ਆਉਦੀ ਹੈ ਕਿ ਮੈਂ ਇਹ ਕਰਾਂਗਾ,ਉਸ ਦੀਆਂ ਅੰਦਰਲੀ ਸ਼ਕਤੀਆਂ ਜਾਗਦੀਆਂ ਹਨ।ਆਤਮ ਵਿਸ਼ਵਾਸ਼ ਇਕ ਭਾਵਨਾ ਨਹੀ ਹੈ ਸਗੋਂ ਇਕ ਜਿਊਦੀ-ਜਾਗਦੀ ਊਰਜਾ ਹੈ,ਜੋ ਵਿਅਕਤੀ ਨੂੰ ਉਸ ਦੇ ਟੀਚੇ ਵੱਲ ਲਗਾਤਾਰ ਅੱਗੇ ਵਧਾਉਦੀ ਹੈ।ਜਦੋਂ ਕੋਈ ਵਿਅਕਤੀ ਆਪਣੇ ਆਪ ਵਿੱਚ ਵਿਸ਼ਵਾਸ਼ ਰੱਖਦਾ ਹੈ,ਤਾਂ ਉਹ ਆਪਣੇ ਆਪ ਨੂੰ ਉਨਾਂ ਦੇ ਬਰਾਬਰ ਬਣਨ ਦੀ ਕੋਸ਼ਿਸ਼ ਕਰਦਾ ਹੈ। ਸਾਡਾ ਮਨ ਇਕ ਉਪਜਾਊ ਮਿੱਟੀ ਦੇ ਵਾਂਗ ਹੈ।ਜੋ ਬੀਜੋਗੇ ਉਸ ਦਾ ਫ਼ਲ ਮਿਲੇਗਾ ਹੀ ਮਿਲੇਗਾ।ਜੇਕਰ ਅਸੀ ਮਾੜੀ ਸੋਚ ਬੀਜਦੇ ਹਾਂ ਤਾਂ ਉਸ ਦਾ ਨਤੀਜਾ ਫਿਰ ਨਿਰਾਸ਼ਾਂ,ਅਸਫ਼ਲਤਾ ਅਤੇ ਅਸੰਤੁਸ਼ਟੀ ਹੀ ਹੁੰਦਾ ਹੈ।ਇਸ ਦੇ ਉਲਟ ਜੇਕਰ ਅਸੀ ਹਿੰਮਤ ਨਾਲ ਆਪਣੇ ਟੀਚੇ ਤੇ ਪਹੁੰਚਣ ਦਾ ਸੋਚ ਚੁੱਕੇ ਹਾਂ ਤਾਂ ਤੁਹਾਨੂੰ ਕੋਈ ਤਾਕਤ ਨਹੀ ਰੋਕ ਸਕਦੀ।ਵਿਅਕਤੀ ਹੌਲੀ-ਹੌਲੀ ਉਹੀ ਬਣ ਜਾਦਾ ਹੈ ਜੋ ਉਹ ਸੋਚਦਾ ਹੁੰਦਾ ਹੈ।ਇਹ ਕੋਈ ਕਹਾਵਤ ਨਹੀ ਹੈ ਸਗੋਂ ਜਿੰਦਗੀ ਦੀ ਅਟੱਲ ਸੱਚਾਈ ਹੈ।ਅਸੀ ਆਪਣੇ ਜੀਵਨ ਵਿੱਚ ਇਸ ਸੱਚਾਈ ਨੂੰ ਆਸਾਨੀ ਨਾਲ ਅਨੁਭਵ ਕਰ ਸਕਦੇ ਹਾਂ।ਜਦੋਂ ਅਸੀ ਕੋਈ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਇਹ ਮੰਨ ਲੈਂਦੇ ਹਾਂ ਕਿ ਇਹ ਕੰਮ ਮੁਸ਼ਕਲ ਹੈ ਜਾਂ ਸਾਡੀ ਸਮਰੱਥਾ ਤੋਂ ਬਾਹਰ ਹੈ ਤਾਂ ਸਾਡੀ ਊਰਜਾਂ ਉਥੇ ਹੀ ਖਤਮ ਹੋ ਜਾਂਦੀ ਹੈ।ਜਦੋਂ ਅਸੀ ਵਧੀਆ ਚੰਗੀ ਸੋਚ ਸੋਚਦੇ ਹਾਂ ਤਾਂ ਸਾਡੇ ਅੰਦਰ ਸ਼ਕਤੀ ਪੈਦਾ ਹੁੰਦੀ ਹੈ ਤਾਂ ਅਸੀ ਮੁਸ਼ਕਲ ਤੋਂ ਵੀ ਮੁਸ਼ਕਲ ਕੰਮ ਆਸਾਨੀ ਨਾਲ ਕਰ ਲੈਂਦੇ ਹਾਂ।ਇਕ ਚੰਗੀ ਸੋਚ ਵਾਲਾ ਰਵੱਈਆ ਸਾਨੂੰ ਮੁਸ਼ਕਲਾਂ ਵਿੱਚ ਵੀ ਮੌਕੇ ਦੇਖਣ ਦੀ ਆਗਿਆ ਦਿੰਦਾ ਹੈ।ਚੰਗੀ ਸੋਚ ਦਾ ਮਤਲਬ ਇਹ ਹੈ ਕਿ ਜਿੰਦਗੀ ਦੀ ਚੁਣੌਤੀਆਂ ਨੂੰ ਹੱਸ ਕੇ ਸਵੀਕਾਰ ਕਰਨਾ ਨਾ ਕਿ ਅੱਖਾਂ ਬੰਦ ਕਰਨੀਆਂ ਹੁੰਦਾ ਹੈ। ਜਿੰਦਗੀ ਤਾਂ ਹਮੇਸ਼ਾਂ ਹੀ ਉਤਰਾਅ ਚੜਾਅ ਨਾਲ ਭਰੀ ਰਹਿੰਦੀ ਹੈ,ਪਰ ਜੋ ਆਪਣੇ ਆਪ ਨੂੰ ਸੰਤੁਲਨ ਅਤੇ ਦ੍ਰਿੜਤਾ ਬਣਾਈ ਰੱਖਦਾ ਹੈ,ਉਸ ਨੂੰ ਹਰ ਪਾਸਿਓ ਸਫ਼ਲਤਾ ਪ੍ਰਾਪਤ ਹੁੰਦੀ ਹੈ।ਵਧੀਆ ਅਤੇ ਚੰਗੀ ਸੋਚ ਸਾਨੂੰ ਹਰ ਸਮੇਂ ਇਹੀ ਸਿਖਾਉਦੀ ਹੈ ਕਿ ਹਰ ਹਨ੍ਹੇਰੇ ਤੋਂ ਬਾਅਦ ਰੌਸ਼ਨੀ ਆਉਦੀ ਹੈ ਅਤੇ ਹਰ ਸੰਘਰਸ਼ ਦੇ ਪਿੱਛੇ ਸੰਭਾਵਨਾ ਛੁਪੀ ਹੁੰਦੀ ਹੈ।ਦ੍ਰਿੜਤਾ ਇਸ ਪੂਰੀ ਪ੍ਰਕਿਰਿਆ ਦੀ ਨੀਂਹ ਹੈ।ਇਕੱਲਾ ਚੰਗਾ ਹੀ ਵਧੀਆਂ ਨਹੀ ਹੈ ਜਦੋਂ ਤੱਕ ਇਸ ਦੇ ਨਾਲ ਅਟੱਲ ਇਰਾਦਾ ਨਾ ਹੋਵੇ।ਦ੍ਰਿੜਤਾ ਉਹ ਸ਼ਕਤੀ ਹੈ ਜੋ ਸਾਨੂੰ ਅੱਗੇ ਵੱਧਦੇ ਰਹਿਣ ਲਈ ਪ੍ਰੇਰਿਤ ਕਰਦੀ ਹੈ,ਭਾਵੇ ਰਸਤਾ ਕਿੰਨਾ ਵੀ ਔਖਾ ਕਿਉ ਨਾ ਹੋਵੇ।ਇਹ ਸਾਨੂੰ ਡਿੱਗਣ ਤੋਂ ਬਾਅਦ ਉਠਣ ਲਈ ਪ੍ਰੇਰਿਤ ਕਰਦੀ ਹੈ,ਅਤੇ ਅਸਫਲਤਾ ਨੂੰ ਸਫ਼ਲਤਾ ਵਿੱਚ ਬਦਲ ਦਿੰਦੀ ਹੈ।ਦ੍ਰਿੜ ਇਰਾਦੇ ਵਾਲਾ ਵਿਅਕਤੀ ਆਪਣੇ ਰਸਤੇ ਵਿੱਚ ਆਉਣ ਵਾਲੀਆਂ ਔਕੜਾ ਨੂੰ ਬਦਲ ਦਿੰਦਾ ਹੈ। ਅੰਦਰੂਨੀ ਤਾਕਤ ਨੂੰ ਜਗਾਉਣਾ ਇਸ ਪ੍ਰਕਿਰਿਆਂ ਦਾ ਇਕ ਮਹੱਤਵਪੂਰਨ ਹਿੱਸਾ ਹੈ।ਜਦੋਂ ਅਸੀ ਆਪਣੇ ਅੰਦਰ ਵਾਲੇ ਡਰ ਅਤੇ ਦ੍ਰਿੜਤਾ ਨੂੰ ਤਿਆਗ ਦਿੰਦੇ ਹਾਂ ਅਤੇ ਆਤਮ ਵਿਸ਼ਵਾਸ਼ ਅਤੇ ਵਧੀਆਂ ਸੋਚ ਨੂੰ ਅਪਣਾਉਦੇ ਹਾਂ ਤਾਂ ਸਾਡੀ ਅੰਦਰੂਨੀ ਤਾਕਤ ਆਪਣੇ ਆਪ ਹੀ ਜਾਗ ਜਾਂਦੀ ਹੈ।ਇਹ ਤਾਕਤ ਸਾਨੂੰ ਬਾਹਰੀ ਹਾਲਾਤਾਂ ਤੋਂ ਪ੍ਰਭਾਵਿਤ ਨਹੀ ਕਰਦੀ ਸਗੋਂ ਆਪਣੇ ਟੀਚਿਆਂ ਵੱਲ ਧਿਆਨ ਟਿਕਾਈ ਰੱਖਦੀ ਹੈ।ਅੰਦਰੂਨੀ ਤਾਕਤ ਸਾਨੂੰ ਇਹ ਵਿਸ਼ਵਾਸ਼ ਦਿਵਾਉਦੀ ਹੈ ਕਿ ਅਸੀ ਆਪਣੇ ਜੀਵਨ ਦੇ ਆਪ ਸਿਰਜਣਹਾਰ ਹਾਂ ਅਤੇ ਸਾਡੀ ਦਿਸ਼ਾਂ ਸਾਡੇ ਆਪਣੇ ਹੱਥ ਵਿੱਚ ਹੈ।ਇਹ ਧਾਰਨਾਂ ਅੱਜ ਦੇ ਮੁਕਾਬਲੇ ਵਾਲੇ ਅਤੇ ਤਣਾਅ ਪੂਰਨ ਜੀਵਨ ਵਿੱਚ ਹੋਰ ਵੀ ਸੁਹਾਵਣੀ ਹੋ ਜਾਂਦੀ ਹੈ।ਜਦੋਂ ਚਾਰੇ ਪਾਸੇ ਤੁਲਨਾ,ਆਲੋਚਨਾ ਅਤੇ ਚਿੰਤਤ ਮਹੌਲ ਹੁੰਦਾ ਹੈ ਤਾਂ ਆਤਮ ਵਿਸ਼ਵਾਸ਼ ਬਣਾਈ ਰੱਖਣਾ ਹੋਰ ਵੀ ਚੁਣੌਤੀ ਭਰਿਆਂ ਹੋ ਜਾਂਦਾ ਹੈ।ਪਰ ਇਹ ਉਹ ਸਮਾਂ ਹੈ ਜਦੋਂ ਕਿ ਸਾਨੂੰ ਮਨ ਨੂੰ ਸ਼ਾਤ ਬਣਾਉਣਾ ਚਾਹੀਦਾ ਹੈ।ਸਾਨੂੰ ਸਮਝਣਾ ਚਾਹੀਦਾ ਹੈ ਕਿ ਸਾਡੇ ਵਿਚਾਰ ਦੂਜਿਆਂ ਦੇ ਨਾਲ ਨਹੀ ਮਿਲ ਸਕਦੇ।ਸਾਡਾ ਆਤਮ ਵਿਸ਼ਵਾਸ਼ ਸਾਡੀ ਅਸਲੀ ਪਛਾਣ ਹੈ। ਸਾਨੂੰ ਆਪਣੇ ਮਨਾਂ ਨੂੰ ਸਹੀ ਤੇ ਸੱਚੀ ਸੁੱਚੀ ਸੋਚ ਦੇ ਧਾਰਨੀ ਬਣਾਉਣਾ ਚਾਹੀਦਾ ਹੈ।ਆਪਣੇ ਟੀਚਿਆਂ ਨੂੰ ਅਟੱਲ ਅਤੇ ਸਹੀ ਦਿਸ਼ਾਂ ਵੱਲ ਲਿਜਾਣ ਵਾਲਾ ਹੋਣਾ ਚਾਹੀਦਾ ਹੈ।ਡਰ ਅਤੇ ਸ਼ੱਕ ਨੂੰ ਆਪਣੇ ਉਤੇ ਭਾਰੂ ਨਾ ਹੋਣ ਦਿਓ।ਇਸ ਦੀ ਬਜਾਇ ,ਉਨਾਂ ਨੂੰ ਆਪਣੇ ਵਿਕਾਸ ਦਾ ਸਾਧਨ ਬਣਾਓ।ਜਦੋਂ ਅਸੀ ਆਪਣੀ ਤਾਕਤ ਨੂੰ ਪਛਾਣਦੇ ਹਾਂ ਤਾਂ ਕੋਈ ਵੀ ਰੁਕਾਵਟ ਸਾਨੂੰ ਅੱਗੇ ਵਧਣ ਤੋਂ ਨਹੀ ਰੋਕ ਸਕਦੀ।ਅਸਲ ਵਿੱਚ ਸਫਲਤਾ ਉਸ ਨੂੰ ਮਿਲਦੀ ਹੈ ਜੋ ਆਪਣੇ ਮਨ ਦੀਆਂ ਸੀਮਾਵਾਂ ਨੂੰ ਤੋੜਦੇ ਹਨ ਅਤੇ ਆਪਣੇ ਆਤਮ ਵਿਸ਼ਵਾਸ਼ ਨਾਲ ਅੱਗੇ ਵੱਲ ਵੱਧਦੇ ਹਨ।ਜਿੰਦਗੀ ਇੱਕ ਯਾਤਰਾ ਹੈ ਅਤੇ ਯਾਤਰਾ ਤੇ ਸਾਡੇ ਵਿਚਾਰ ਸਾਡੇ ਮਾਰਗਦਰਸ਼ਕ ਹਨ।ਜੇਕਰ ਇਹ ਸੋਚ ਹਿੰਮਤ,ਉਮੀਦ ਅਤੇ ਦ੍ਰਿੜਤਾ ਨਾਲ ਭਰੀ ਹੋਈ ਹੈ,ਤਾਂ ਕੋਈ ਵੀ ਕੰਮ ਤੁਹਾਡੇ ਸਾਮਣੇ ਅੜਿਆ ਨਹੀ ਰਹਿੰਦਾ।



**ਅਮਰਜੀਤ ਚੰਦਰ**
**ਲੁਧਿਆਣਾ**






# ਸੂਗਰ (Diabetes) ਕੋਈ ਲਾ ਇਲਾਜ ਬਿਮਾਰੀ ਨਹੀਂ ਹੈ - MD ਡਾਕਟਰ ਜਸਬੀਰ ਸਿੰਘ ਥਿੰਦ

## ਰੋਗੀ ਜੀਅ ਕਰਦਾ ਹੈ ਲੰਮੀ ਉਮਰ

**ਜਲੰਧਰ** -- ਦੋਸਤੋਂ ਸਮੇਂ ਵਿੱਚ ਅਮਰ ਵੇਲ ਵਾਂਗ ਫੈਲ ਰਹੀ ਸ਼ੂਗਰ ਦੀ ਬਿਮਾਰੀ ਨੇ ਲੋਕਾਂ ਦੇ ਸਾਹ ਸੂਤੇ ਹੋਏ ਹਨ। ਹਰ ਘਰ ਕੋਈ ਨਾ ਕੋਈ ਕਿਸੇ ਨਾ ਕਿਸੇ ਉਮਰ ਵਿੱਚ ( Diabetes ) ਸ਼ੂਗਰ ਦਾ ਮਰੀਜ਼ ਮਿਲ ਜਾਵੇਗਾ। ਇਕ ਵਾਰ ਹੋਈ ਡਾਇਬੀਟੀਜ਼ ਕਈ ਵਾਰ ਉਮਰ ਭਰ ਪਿੱਛਾ ਨਹੀਂ ਛਡਦੀ ਕਈ ਵਾਰ ਪਰਹੇਜ਼ ਜੀ ਅਣਗਹਿਲੀ ਮਰੀਜ਼ ਨੂੰ ਭਾਰੀ ਮੁਸੀਬਤ ਵਿੱਚ ਪਾ ਸਕਦੀ ਹੈ ਪੇਸ਼ ਏ ਖ਼ਿਦਮਤ ਹੈ ਜਲੰਧਰ ਦੇ ਜਾਣੇ ਮਾਣੇ ਡਾਕਟਰ ਜਸਵੀਰ ਸਿੰਘ ਥਿੰਦ ਨਾਲ ਡਾਇਬਟੀਜ਼ ਤੇ ਵਿਸ਼ੇਸ਼ ਮੁਲ-ਾਕਾਤ।

**ਡਾਕਟਰ ਸਾਹਬ - ਡਾਇਬਟੀਜ਼ (ਸ਼ੂਗਰ ਰੋਗ) ਕੀ ਹੈ?**

ਜਵਾਬ - ਚੰਦੀ ਸਾਹਬ, ਸ਼ੂਗਰ ਜਾਨੀ (Diabetes) ਇੱਕ ਅਜਿਹੀ ਬਿਮਾਰੀ ਹੈ ਜਿਸ ਵਿੱਚ ਸਰੀਰ ਖ਼ੂਨ ਵਿੱਚ ਮੌਜੂਦ ਸ਼ੂਗਰ (ਗਲੂਕੋਜ਼) ਨੂੰ ਸਹੀ ਢੰਗ ਨਾਲ ਵਰਤਣ ਅਤੇ ਕੰਟਰੋਲ ਕਰਨ ਵਿੱਚ ਅਸਮਰੱਥ ਹੋ ਜਾਂਦਾ ਹੈ ਅਤੇ ਇਸ ਤਰਾਂ ਸ਼ੂਗਰ ਦਾ ਜਨਮ ਹੁੰਦਾ ਹੈ। ਡਾਕਟਰ ਸਾਹਬ - ਜਾਣਕਾਰੀ ਵਿਚ ਥੋੜਾ ਹੋਰ ਵਾਧਾ ਕਰੋ ਅਤੇ ਇਸ ਬਿਮਾਰੀ ਬਾਰੇ ਵਿਸਥਾਰ ਸਹਿਤ ਦਰਸ਼ਕਾਂ ਨੂੰ ਦੱਸੋ ਆਖਰ ਸ਼ੂਗਰ ਕਿਉ ਹੁੰਦੀ ਹੈ?

ਚੰਦੀ ਸਾਹਬ- ਸਾਡੇ ਪੇਟ ਵਿੱਚ ਮੌਜੂਦ ਪੈਨਕ੍ਰੀਅਸ (ਫਓਨਚਰਏਓਸ) ਨਾਮਕ ਅੰਗ ਇਨਸੁਲਿਨ ਨਾਮ ਦਾ ਹਾਰਮੋਨ ਬਣਾਉਂਦਾ ਹੈ। ਇਨਸੁਲਿਨ ਸਾਡੇ ਖਾਣੇ ਨੂੰ ਊਰਜਾ (Energy) ਵਿੱਚ ਬਦਲਣ ਵਿੱਚ ਮਦਦ ਕਰਦਾ ਹੈ। ਜਦੋਂ ਸਰੀਰ ਲੋੜੀਂਦੀ ਮਾਤਰਾ ਵਿੱਚ ਇਨ-ਸੁਲਿਨ ਨਹੀਂ ਬਣਾਉਂਦਾ ਜਾਂ ਇਸਦੀ ਸਹੀ ਵਰਤੋਂ ਨਹੀਂ ਕਰ ਪਾਉਂਦਾ, ਤਾਂ ਖ਼ੂਨ ਵਿੱਚ ਸ਼ੂਗਰ ਦਾ ਪੱਧਰ ਵੱਧ ਜਾਂਦਾ ਹੈ ਇਸ ਤਰਾਂ ਨਾਲ ਇਸ ਬਿਮਾਰੀ ਦੀ ਸ਼ੁਰੂਆਤ ਹੁੰਦੀ ਹੈ।

**ਡਾਕਟਰ ਸਾਹਬ - ਸ਼ੂਗਰ ਕਿੰਨੇ ਪ੍ਰਕਾਰ ਦੀ ਹੁੰਦੀ ਹੈ ਅਤੇ ਇਸ ਦਾ ਇਲਾਜ ਕੀ ਹੈ?**

ਚੰਦੀ ਸਾਹਬ- ਟਾਈਪ 1 ਸ਼ੂਗਰ ਇਹ ਸ਼ੂਗਰ ਦੀ ਗੱਲ ਕਰੀਏ ਤਾਂ ਇਸ ਵਿੱਚ ਸਰੀਰ ਦਾ ਇਮਿਊਨ ਸਿਸਟਮ ਪੈਨਕ੍ਰੀਅਸ ਦੇ ਇਨ-ਸੁਲਿਨ ਬਣਾਉਣ ਵਾਲੇ ਸੈੱਲਾਂ ਨੂੰ ਨਸ਼ਟ ਕਰ ਦਿੰਦਾ ਹੈ। ਇਸਦੇ ਮਰੀਜ਼ਾਂ ਨੂੰ ਸਪੈਸ਼ਲਿਸਟ ਡਾਕਟਰ ਦੀ ਸਲਾਹ ਨਾਲ ਰੋਜ਼ਾਨਾ ਇਨ-ਸੁਲਿਨ ਦੇ ਟੀਕੇ ਲਗਾਉਣੇ ਪੈਂਦੇ ਹਨ। ਇਸੇ ਤਰਾਂ ਜੇਕਰ ਗੱਲ ਕਰੀਏ ਤਾਂ ਟਾਈਪ 2 ਸ਼ੂਗਰ ਇਹ ਸਭ ਤੋਂ ਆਮ ਕਿਸਮ ਹੈ। ਇਸ ਵਿੱਚ ਸਰੀਰ ਇਨਸੁਲਿਨ ਦੀ ਸਹੀ ਵਰਤੋਂ ਨਹੀਂ ਕਰ ਪਾਉਂਦਾ (ਇਨ-ਸੁਲਿਨ ਪ੍ਰਤੀਰੋਧ)। ਇਸ ਵਿੱਚ ਜੀਵਨ-ਸ਼ੈਲੀ ਅਤੇ ਮੋਟਾਪੇ ਨੂੰ ਮੁੱਖ ਕਾਰਨ ਸਮਝਿਆ ਜਾਂਦਾ ਹੈ।ਇਸ ਤਰ੍ਹਾਂ ਦੇ ਮਰੀਜ਼ਾਂ ਨੂੰ ਸੈਰ ਜ਼ਰੂਰੀ ਹੈ ਅਤੇ ਖਾਨਪਾਨ ਤੇ ਬਹੁਤ ਜ਼ਿਆਦਾ ਕੰਟਰੋਲ ਕਰਨਾਂ ਚਾਹੀਦਾ ਹੈ। ਤੀਸਰਾ ਮੈ ਚਲਦੀ ਗੱਲਬਾਤ ਵਿਚ ਦੱਸ ਦਿਆ ਕਿ ਇਕ ਹੋਰ ਗਰਭਕਾਲੀ ਸ਼ੂਗਰ ਹੁੰਦੀ ਹੈ ਇਹ ਕੁਝ ਔਰਤਾਂ ਨੂੰ ਗਰਭ ਅਵਸਥਾ ਦੌਰਾਨ ਵੀ ਹੁੰਦੀ ਹੈ। ਡਾਕਟਰ ਸਾਹਬ - ਥੋੜਾ ਸ਼ੂਗਰ ਦੇ ਮੁੱਖ ਲੱਛਣਾਂ ਤੇ ਵੀ ਚਾਨਣਾ ਪਾਓ ?



**ਪੇਸ਼ਕਸ਼ ਪੱਤਰਕਾਰ ਹਰਜਿੰਦਰ ਸਿੰਘ ਚੰਦੀ**

ਚੰਦੀ ਸਾਹਬ ਸ਼ੂਗਰ ਦੇ ਮੁੱਖ ਲੱਛਣ ਹਨ ਜਿਵੇਂ-ਬਹੁਤ ਜ਼ਿਆਦਾ ਥਕਾਵਟ ਮਹਿਸੂਸ ਹੋਣਾ।ਬਿਨਾਂ ਕਿਸੇ ਕਾਰਨ ਤੇਜ਼ੀ ਨਾਲ ਭਾਰ ਘਟਣਾ।

**ਅੱਖਾਂ ਦੀ ਰੋਸ਼ਨੀ ਧੁੰਦਲੀ ਹੋਣਾ।ਸੱਟ ਜਾਂ ਜ਼ਖ਼ਮ ਦਾ ਬਹੁਤ ਦੇਰੀ ਨਾਲ ਭਰਨਾ।**

ਚੰਦੀ ਸਾਹਬ - ਕੋਈ ਸ਼ੱਕ ਨਹੀਂ ਕਿ ਸ਼ੂਗਰ ਇਕ ਨਾ ਮੁਰਾਦ ਬਿਮਾਰੀ ਹੈ ਪਰ ਰੋਜ਼ਾਨਾ ਦੀ ਖ਼ੁਰਾਕ ਵਿੱਚ ਤਬਦੀਲੀ ਅਤੇ ਡਾਕਟਰੀ ਸਲਾਹ ਨਾਲ ਲੰਮਾ ਅਤੇ ਆਮ ਜੀਵਨ ਮਨੁੱਖ ਜੀ ਸਕਦਾ ਹੈ ਇਸ ਵਿਚ ਮੁੱਖ ਭੂਮਿਕਾ ਖ਼ੁਰਾਕ ਦੀ ਹੈ ਜਿਸ ਵਿੱਚ ਮਰੀਜ਼ ਨੂੰ ਮਿੱਠੀਆਂ ਚੀਜ਼ਾਂ, ਚਿੱਟੀ ਖੰਡ ਅਤੇ ਮੈਦੇ ਆਦਿ ਤੋਂ ਪਰਹੇਜ਼ ਕਰਨਾ ਬਹੁਤ ਜ਼ਰੂਰੀ ਹੈ। ਇਸਦੇ ਨਾਲ ਨਾਲ ਮਰੀਜ ਆਪਣੀ ਖ਼ੁਰਾਕ ਵਿੱਚ ਫਲ, ਹਰੀਆਂ ਸਬਜ਼ੀਆਂ ਅਤੇ ਸਾਬਤ ਅਨਾਜ ਆਦਿ ਸ਼ਾਮਲ ਕਰੇ। ਸ਼ੂਗਰ ਦੇ ਮਰੀਜ਼ਾਂ ਨੂੰ ਸਮੇਂ ਸਿਰ ਚੈਕਪ ਜ਼ਰੂਰ ਕਰਵਾਉਣਾ ਚਾਹੀਦਾ ਹੈ। ਦੂਜੀ ਹੈ ਸਰੀਰਕ ਕਸਰਤ: ਰੋਜ਼ਾਨਾ ਘੱਟੋ ਘੱਟ 45 ਮਿੰਟ ਦੀ ਸੈਰ ਜਰੂਰ ਕਰੋ ਅਤੇ ਆਪਣੀਆਂ ਸਰੀਰਕ ਗਤੀਵਿਧੀਆਂ ਨੂੰ ਜਾਰੀ ਰੱਖੋ। ਜ਼ਿੰਦਗੀ ਜ਼ਿੰਦਾਬਾਦ ਰਹੇਂਗੀ। ਇਸ ਤਰ੍ਹਾਂ ਸਹੀ ਇਲਾਜ ਅਤੇ ਜੀਵਨ-ਸ਼ੈਲੀ ਵਿੱਚ ਬਦਲਾਅ ਕਰਕੇ ਇਸ ਬਿਮਾਰੀ ਨੂੰ ਪੂਰੀ ਤਰ੍ਹਾਂ ਕੰਟਰੋਲ ਵਿੱਚ ਰੱਖਿਆ ਜਾ ਸਕਦਾ ਹੈ। ਅਤੇ ਆਮ ਵਿਅਕਤੀ ਵਾਗ ਸ਼ੂਗਰ ਰੋਗੀ ਇਕ ਵਧੀਆ ਅਤੇ ਲੰਮੀ ਜ਼ਿੰਦਗੀ ਭੋਗ ਸਕਦਾ ਹੈ। ਸੋ ਪਾਠਕੋ ਇਹ ਸਨ ਐਮ ਡੀ ਡਾਕਟਰ ਜਸਬੀਰ ਸਿੰਘ ਥਿੰਦ (ਸਪੈਸ਼ਲਿਸਟ ਸ਼ੂਗਰ ਅਤੇ ਹਾਰਟ ) ਜੇਕਰ ਤੁਸੀਂ ਸ਼ੂਗਰ ਦੇ ਲੱਛਣ ਮਹਿਸੂਸ ਕਰਦੇ ਹੋ ਤਾਂ ਡਾਕਟਰ ਸਾਹਿਬ ਨਾਲ ਉਨ੍ਹਾਂ ਦੇ ਕਲੀਨਿਕ ਜਾ ਫੋਨ ਨੰਬਰ ਤੇ ਸੰਪਰਕ ਕਰ ਸਕਦੇ ਹੋ ਹੁਣ ਤੱਕ ਹਜ਼ਾਰਾਂ ਸ਼ੂਗਰ ਰੋਗੀ ਡਾਕਟਰ ਜਸਬੀਰ ਸਿੰਘ ਥਿੰਦ ਦੀ ਪ੍ਰੇਰਣਾ ਅਤੇ ਇਲਾਜ ਨਾਲ ਚੰਗਾ ਵਧੀਆ ਜੀਵਨ ਬਸਰ ਕਰ ਰਹੇ ਹਨ। ਇਸ ਤੋਂ ਇਲਾਵਾ ਤੁਸੀਂ ਡਾਕਟਰ ਸਾਹਿਬ ਹੁਣਾ ਪਾਸੋਂ ਹਾਰਟ ਅਤੇ ਹੋਰ ਬਿਮਾਰੀਆਂ ਸਬੰਧੀ ਇਲਾਜ ਲਈ ਸੰਪਰਕ ਕਰ ਸਕਦੇ ਹੋ ਹਸਪਤਾਲ ਸੰਪਰਕ ਪਤਾ ਥਿੰਦ ਮੈਡੀਕਲ ਸੈਂਟਰ ਮਾਹਲ ਰੋਡ ਮਾਡਲ ਟਾਊਨ ਜਲੰਧਰ ਮੋ 9814065364

# (ਮੋਹ ਦੀਆਂ ਤੰਦਾਂ ਸੰਭਾਲੋ)

ਰਿਸ਼ਤਿਆਂ ਦੀ ਮਿਠਾਸ, ਸਾਨੂੰ ਜੋੜਕੇ ਰੱਖਦੀ, ਚੇਤਿਆਂ ਵਿੱਚ ਰਹੇ ਵੱਸਦੀ। ਭਾਵੇਂ ਅਸੀਂ ਅਣਭੋਲ ਹੋਕੇ, ਲੜਦੇ ਰਹੀਏ, ਮੋਹ ਦੀ ਤੰਦ ਜੋੜਕੇ ਰੱਖਦੀ। ਇੱਕ ਵਿਚਾਰਧਾਰਾ ਇਹ ਵੀ ਕਹਿੰਦੀ,ਮੋਹ ਮਾਇਆ ਦੇ ਚੱਕਰਾਂ ਵਿੱਚ ਨਾ ਪਵੋ। ਮਾਨਸਿਕ ਸ਼ਾਂਤੀ ਨਾਲ ਰਹੋ। ਜਿਉਂ ਹੀ ਖੇਤਰ ਤਰੱਕੀ ਕਰਦੇ, ਰਾਜਸੀ ਮਨੋਰਥ ਮੋਹ ਦੀਆਂ ਤੰਦਾਂ, ਤੋੜ ਧਰਦੇ। ਰਾਜਨੀਤਕ ਧਿਰਾਂ ਨੂੰ ਕੋਈ ਲੈਣਾ ਦੇਣਾ ਨਹੀਂ ਹੁੰਦਾ,ਮੋਹ ਮੁਹੱਬਤਾਂ ਟੁਟਣ, ਚਾਹੇ ਲੋਕ ਰਹਿਣ ਮਰਦੇ। ਪਾਕਿਸਤਾਨ ਜਦੋਂ ਬਣਿਆ, ਲੱਖਾਂ ਲੋਕ ਉੱਜੜੇ, ਇਧਰ ਵੀ ਤੇ ਉੱਧਰ ਵੀ, ਸੰਤਾਲੀ ਦੀ ਵੰਡ ਦੇ ਜ਼ਖ਼ਮ ਅਜੇ ਵੀ ਨ੍ਹੀਂ ਭਰੇ। ਜਿਨ੍ਹਾਂ ਤੇ ਬੀਤੀ, ਉਨ੍ਹਾਂ ਨੂੰ ਪੁੱਛੋ ਕਿਵੇਂ ਦਰਦ ਹੰਢਾਇਆ। ਅਜੇ ਤੱਕ ਵੀ ਹੰਝੂ ਨਹੀਂ ਸੁੱਕੇ, ਆਪਣਿਆਂ ਨੂੰ ਭੁਲਾ ਕੇ ਵੀ, ਨਹੀਂ ਗਿਆ ਭੁਲਾਇਆ।ਕਈਆਂ ਦੀ ਜ਼ਬਰੀ ਹੋਗੀ ਧਰਮ ਬਦਲੀ, ਉਨ੍ਹਾਂ ਅਪਣਾ ਮਨ ਸਮਝਾਇਆ। ਮੁੱਦਤਾਂ ਬਾਅਦ ਜਦੋਂ ਹੋਇਆ ਮੇਲ ਅਪਣਿਆਂ ਨਾਲ, ਰੋਣ ਤੋਂ




ਸਿਵਾਏ, ਕੁਝ ਹੱਥ ਨਾ ਆਇਆ।ਪੋਤੇ-ਦੋਹਤੇ ਕਰ ਤਰੱਕੀਆਂ, ਵਿਦੇਸ਼ਾਂ ਵਿੱਚ ਡੇਰਾ ਲਾਇਆ। ਮੋਹ ਦੀਆਂ ਤੰਦਾਂ ਫਿਰ ਜਾਗ ਪਈਆਂ, ਪ੍ਰਭੂ ਪ੍ਰਮਾਤਮਾ ਮੇਲ ਜਦੋਂ ਕਰਾਇਆ। ਸਾਬਤ ਕਰਦਾ ਇਹ ਵਰਤਾਰਾ, ਮਨੁੱਖੀ ਮਾਨਸਿਕਤਾ ਨੂੰ ਕੱਟੜਤਾ ਤੋਂ ਦੂਰ ਰਹਿਣ ਦਾ ਸਬਕ ਪੜ੍ਹਾਇਆ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

for more news visit:
www.samajweekly.com


# ਇੱਕ ਦਿਨ ਦਾ ਸਤਿਕਾਰ–ਨਿਰਾ ਦਿਖਾਵਾ

ਦਿਨ-ਤਿਉਹਾਰ ਮਨਾਉਣਾ ਸਾਡੀ ਸੱਭਿਅਤਾ ਦਾ ਇੱਕ ਅਹਿਮ ਹਿੱਸਾ ਹੈ। ਵੈਸੇ ਤਾਂ ਭਾਰਤੀ ਸੰਸਕ੍ਰਿਤੀ ਵਿੱਚ ਹਰ ਦਿਨ ਕੋਈ ਨਾ ਕੋਈ ਵਿਸ਼ੇਸ਼ ਸਥਾਨ ਅਤੇ ਵਿਲੱਖਣ ਅਹਿਮੀਅਤ ਰੱਖਦਾ ਹੈ। ਬਹੁਤ ਸਾਰੇ ਤਿਉਹਾਰ ਸਾਡੀਆਂ ਪੁਰਾਤਨ ਪ੍ਰੰਪਰਾਵਾਂ ਨਾਲ਼ ਜੁੜੇ ਹੋਏ ਹਨ । ਕਈ ਤਿਉਹਾਰ ਸਾਡੇ ਪੁਰਖਿਆਂ ਦੇ ਵੇਲ਼ੇ ਤੋਂ ਪੀੜ੍ਹੀ ਦਰ ਪੀੜ੍ਹੀ ਚੱਲੇ ਆ ਰਹੇ ਹਨ ਅਤੇ ਕਈ ਤਿਉਹਾਰ ਵੱਖ ਵੱਖ ਧਰਮਾਂ ਅਤੇ ਸੱਭਿਆਚਾਰਾਂ ਨਾਲ਼ ਜੁੜੇ ਹੋਏ ਹਨ। ਵਿਸ਼ਵੀਕਰਨ ਹੋਣ ਨਾਲ ਪੱਛਮੀ ਸਭਿਅਤਾ ਦੇ ਕੁਝ ਤਿਉਹਾਰਾਂ ਨੇ ਭਾਰਤੀ ਸੰਸਕ੍ਰਿਤੀ ਵਿੱਚ ਸ਼ਮੂਲੀਅਤ ਕੀਤੀ ਹੈ। 'ਨਿਊ ਯੀਅਰ ਈਵ',ਵੈਲੇਨਟਾਈਨ ਡੇ, ਮਾਂ ਦਿਵਸ,ਪਿਤਾ ਦਿਵਸ,ਧੀ ਦਿਵਸ, ਪਰਿਵਾਰ ਦਿਵਸ, ਗ੍ਰੈਂਡ ਪੇਰੇਂਟਸ ਦਿਵਸ, ਮਾਂ ਬੋਲੀ ਦਿਵਸ ਆਦਿਕ ਤਿਉਹਾਰਾਂ ਦੀ ਆਮਦ ਕੁਝ ਸਮਾਂ ਪਹਿਲਾਂ ਹੀ ਹੋਈ ਹੈ। ਇਹਨਾਂ ਵਿੱਚੋਂ ਕੁਝ ਤਿਉਹਾਰ ਤਾਂ ਅੰਤਰਰਾਸ਼ਟਰੀ ਪੱਧਰ ਤੇ ਪ੍ਰਮਾਣਿਤ ਤਿਉਹਾਰ ਹਨ ਜਿਨ੍ਹਾਂ ਦੇ ਕੋਈ ਨਾ ਕੋਈ ਪਿਛੋਕੜ ਜਾਂ ਕੋਈ ਨਾ ਕੋਈ ਮਕਸਦ ਨੂੰ ਮੁੱਖ ਰੱਖ ਕੇ ਮਨਾਇਆ ਜਾਂਦਾ ਹੈ।

ਇੱਕ ਦਿਨ ਵਿੱਚ ਕਿਸੇ ਖਾਸ ਰਿਸ਼ਤੇ ਨੂੰ ਕਿਵੇਂ ਮਨਾਇਆ ਜਾ ਸਕਦਾ ਹੈ ਜਦ ਕਿ ਉਹ ਰਿਸ਼ਤਾ ਅਸੀਂ ਹਰ ਰੋਜ਼ ਨਿਭਾ ਰਹੇ ਹੁੰਦੇ ਹਾਂ। ਪਰਿਵਾਰਿਕ ਰਿਸ਼ਤਿਆਂ ਨਾਲ਼ ਜੁੜੇ ਇਹ ਤਿਉਹਾਰ ਆਖ਼ਰ ਨੂੰ ਨਿਰਾ ਦਿਖਾਵਾ ਹੋ ਨਿਬੜਦੇ ਹਨ। ਚਾਹੇ ਸਾਰਾ ਸਾਲ ਇਹਨਾਂ ਰਿਸ਼ਤਿਆਂ ਵਿੱਚ ਸਤਿਕਾਰ ਜਾਂ ਪਿਆਰ ਦੀ ਕਮੀ ਰਹੀ ਹੋਵੇ ਪਰ ਇੱਕ ਨਿਸ਼ਚਿਤ ਦਿਨ ਨੂੰ ਮਨਾਉਣ ਲਈ ਸੋਸ਼ਲ ਮੀਡੀਆ ਦਾ ਸਹਾਰਾ ਲਿਆ ਜਾਂਦਾ ਹੈ। ਜਿਹੜੇ ਬੱਚੇ ਆਪਣੇ ਮਾਪਿਆਂ ਦਾ ਕਹਿਣਾ ਮੰਨਣ ਵਿੱਚ ਹਰ ਵੇਲੇ ਆਨਾਕਾਨੀ ਕਰਦੇ ਹੋਣ, ਉਹਨਾਂ ਦੁਆਰਾ ਦਿੱਤੀਆਂ ਸਿੱਖਿਆਵਾਂ ਨੂੰ ਛਿੱਕੂ ਵਿੱਚ ਪਾ ਟੰਗਦੇ ਰਹੇ ਹੋਣ, ਆਪਣੇ ਵੱਡਿਆਂ ਦੇ ਦੱਸੇ ਮਾਰਗ ਤੇ ਚੱਲਣ ਦੀ ਬਿਜਾਏ ਉਸ ਤੋਂ ਉਲਟ ਰਸਤਾ ਅਪਣਾਉਂਦੇ ਰਹੇ ਹੋਣ,ਘਰ ਵਿੱਚ ਮਾਪਿਆਂ ਨਾਲ਼ ਜ਼ੁਬਾਨ ਲੜਾਉਂਦੇ ਹੋਣ,ਉਹੀ ਬੱਚੇ ਮਾਂ ਜਾਂ ਪਿਤਾ ਦਿਵਸ ਨੂੰ ਮਨਾ ਕੇ ਸੋਸ਼ਲ ਮੀਡੀਆ ਰਾਹੀਂ ਇਸ ਤਰ੍ਹਾਂ ਪ੍ਰਦਰਸ਼ਿਤ ਕਰਦੇ ਹਨ ਜਿਵੇਂ ਉਹਨਾਂ ਜਿੰਨਾਂ ਆਗਿਆਕਾਰੀ ਸਪੁੱਤਰ ਜਾਂ ਸਪੁੱਤਰੀ ਦੁਨੀਆਂ ਵਿੱਚ ਹੋ ਹੀ ਨਹੀਂ ਸਕਦਾ। ਮਾਪੇ ਤਾਂ ਅਕਸਰ ਮਾਪੇ ਹੀ ਹੁੰਦੇ ਹਨ, ਉਹ ਇਸ ਇੱਕ ਦਿਨ ਦੇ ਸਤਿਕਾਰ ਨੂੰ ਵੀ ਖਿੜੇ ਮੱਥੇ ਸਵੀਕਾਰਦੇ ਹਨ ਤੇ ਬੱਚਿਆਂ ਨੂੰ ਇਹ ਤਿਉਹਾਰ ਮਨਾਉਣ ਵਿੱਚ ਯੋਗਦਾਨ ਪਾਉਂਦੇ ਹਨ। ਇਸੇ ਤਰ੍ਹਾਂ ਗ੍ਰੈਂਡ ਪੇਰੈਂਟਸ ਡੇ ਵਾਲ਼ੇ ਦਿਨ ਉਹ ਮਾਪੇ ਆਪਣੇ ਬੱਚਿਆਂ ਤੋਂ ਆਪਣੇ ਦਾਦੇ ਦਾਦੀਆਂ ਨੂੰ ਵਧੀਆ ਵਧੀਆ ਤੋਹਫ਼ੇ ਦਿਵਾ ਕੇ ਲੋਕ ਵਿਖਾਵਾ ਕਰਦੇ ਹਨ,ਜਿਹੜੇ ਸਾਰਾ ਸਾਲ ਆਪਣੇ ਬਜ਼ੁਰਗਾਂ ਨੂੰ ਤਾਹਨੇ ਮਿਹਣੇ ਮਾਰਦੇ ਰਹੇ ਹੋਣ ਤੇ ਉਨ੍ਹਾਂ ਦੀਆਂ ਮੁੱਖ ਜ਼ਰੂਰਤਾਂ ਨੂੰ ਅਣਦੇਖਿਆ ਕਰਦੇ ਰਹੇ ਹੋਣ। ਜਿਹੜੇ ਪਰਿਵਾਰ ਦੇ ਚਾਰ ਜੀਅ ਸਾਰਾ ਸਾਲ ਕਦੇ ਆਪਸ ਵਿੱਚ ਸਿੱਧੇ ਮੂੰਹ ਗੱਲ ਨਾ ਕਰਦੇ ਰਹੇ ਹੋਣ,ਇੱਕ ਦੂਜੇ ਨੂੰ ਸਮਾਂ ਨਾ ਦੇਣ, ਇੱਕ ਦੂਜੇ ਦੀ ਗੱਲ ਮੰਨਣ ਨੂੰ ਤਿਆਰ ਨਾ ਹੋਣ,ਉਹੀ ਲੋਕ ਪਰਿਵਾਰ ਦਿਵਸ ਦੇ ਮੌਕੇ ਚੰਦ ਫ਼ੋਟੋਆਂ ਰਾਹੀਂ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਖ਼ੁਸ਼ਹਾਲ ਪਰਿਵਾਰ ਹੋਣ ਦਾ ਵਿਖਾਵਾ ਕਰਦੇ ਦਿਸਦੇ ਹਨ। ਮਾਂ ਬੋਲੀ ਦਿਵਸ ਨੂੰ ਸਰਕਾਰਾਂ ਵੱਡੇ ਵੱਡੇ ਦਾਅਵਿਆਂ ਅਤੇ ਵਾਅਦਿਆਂ ਨਾਲ ਲੱਖਾਂ ਰੁਪਏ ਖ਼ਰਚ ਕੇ ਵੱਡੇ ਵੱਡੇ ਸਮਾਗਮ ਕਰਵਾਉਂਦੀਆਂ ਹਨ, ਵੱਡੀਆਂ ਵੱਡੀਆਂ ਭਵਿੱਖੀ ਯੋਜਨਾਵਾਂ ਤਿਆਰ ਕੀਤੀਆਂ ਜਾਂਦੀਆਂ ਹਨ,ਪਰ ਬਾਕੀ ਦੇ ਤਿੰਨ ਸੌ ਚੌਂਹਠ ਦਿਨ ਇਹ ਸਭ ਕੁਝ ਖੋਖਲਾ ਹੋ ਨਿਬੜਦਾ ਹੈ।

ਦਿਨ ਤਿਉਹਾਰ ਮਨਾਉਣਾ ਬਹੁਤ ਚੰਗੀ ਗੱਲ ਹੈ । ਇਸ ਨਾਲ ਸਾਰਿਆਂ ਅੰਦਰ ਇੱਕ ਨਵਾਂ ਉਤਸ਼ਾਹ ਤੇ ਜੋਸ਼ ਪੈਦਾ ਹੁੰਦਾ ਹੈ। ਕੁਝ ਸਮਾਂ ਖ਼ੁਸ਼ੀਆਂ ਖੇੜਿਆਂ ਨਾਲ ਭਰਪੂਰ ਬਣ ਜਾਂਦਾ ਹੈ। ਪਰ ਇਸ ਤੋਂ ਵੀ ਉੱਪਰ ਉਸ ਦਿਨ ਤਿਉਹਾਰ ਨੂੰ ਮਨਾਉਣ ਦੇ ਮਕਸਦ ਬਾਰੇ ਕਦੇ ਸੋਚਿਆ ਹੈ ਕਿ ਇਹ ਤਿਉਹਾਰ ਮਨਾਉਣ ਦਾ ਅਸਲੀ ਕਾਰਨ ਕੀ ਹੈ? ਅੰਤਰਰਾਸ਼ਟਰੀ ਸੰਸਥਾਵਾਂ ਵੱਲੋਂ ਇੱਕ ਦਿਨ ਤਾਂ ਸਿਰਫ਼ ਜਾਗਰੂਕ ਕਰਨ ਲਈ ਰੱਖਿਆ ਜਾਂਦਾ ਹੈ ਤਾਂ ਜੋ ਇਸ ਦਿਨ ਦੇ ਪਿਛੋਕੜ ਅਤੇ ਅਹਿਮੀਅਤ ਨੂੰ ਸਮਝਿਆ ਜਾਵੇ ਅਤੇ ਪੂਰਾ ਸਾਲ ਉਸ ਉੱਪਰ ਅਮਲ ਕੀਤਾ ਜਾਵੇ ਪਰ ਸਾਡੇ ਦੇਸ਼ ਵਿੱਚ ਇਸ ਤੋਂ ਉਲਟ ਹੁੰਦਾ ਹੈ।

ਪਹਿਲਾਂ ਪਹਿਲ ਰਿਸ਼ਤਿਆਂ ਜਾਂ ਭਾਸ਼ਾਵਾਂ ਨਾਲ਼ ਜੁੜੇ ਨਾ ਕੋਈ ਦਿਨ ਤਿਉਹਾਰ ਨਿਸ਼ਚਿਤ ਕੀਤੇ ਗਏ ਸਨ ਤੇ ਨਾ ਹੀ ਲੋਕਾਂ ਨੂੰ ਇਹਨਾਂ ਗੱਲਾਂ ਬਾਰੇ ਕੋਈ ਬਹੁਤੀ ਜਾਣਕਾਰੀ ਸੀ ਤੇ ਨਾ ਹੀ ਉਦੋਂ ਕੋਈ ਸੋਸ਼ਲ ਮੀਡੀਆ ਸੀ ਜਿਸ ਰਾਹੀਂ ਉਹ ਲੋਕ ਵਿਖਾਵਾ ਕਰ ਸਕਦੇ। ਪਰ ਉਦੋਂ ਰਿਸ਼ਤੇ ਸੱਚੇ ਸਨ, ਭਾਵਨਾਵਾਂ ਪਵਿੱਤਰ ਸਨ ,ਦਿਲ ਵਿੱਚ ਸਭ ਲਈ ਸਤਿਕਾਰ ਤੇ ਪਿਆਰ ਸੀ। ਉਦੋਂ ਹਰ ਦਿਨ ਹੀ ਰਿਸ਼ਤਿਆਂ ਦੇ ਸਤਿਕਾਰ ਦਾ ਤਿਉਹਾਰ ਹੁੰਦਾ ਸੀ,ਹਰ ਦਿਨ ਹੀ ਆਪਣੀ ਵਿਰਾਸਤ ਅਤੇ ਸਭਿਆਚਾਰ ਨੂੰ ਸਮਰਪਿਤ ਹੁੰਦਾ ਸੀ। ਹਰ ਰਿਸ਼ਤੇ ਵਿੱਚ ਅਪਣੱਤ ਦੀ ਭਾਵਨਾ ਸੀ, ਆਪਣਿਆਂ ਦੇ ਦਰਦ ਨੂੰ ਆਪਣਾ ਦਰਦ ਤੇ ਆਪਣਿਆਂ ਦੀ ਖੁਸ਼ੀ ਵਿੱਚ ਆਪਣੀ ਖ਼ੁਸ਼ੀ ਸਮਝਿਆ ਜਾਂਦਾ ਸੀ। ਪੁਰਾਤਨ ਸਮਿਆਂ ਦੀਆਂ ਰਿਸ਼ਤਿਆਂ ਪ੍ਰਤੀ ਸੱਚੀਆਂ ਮੁਹੱਬਤਾਂ ਤੇ ਭਾਵਨਾਵਾਂ ਨੂੰ ਵੇਖ ਕੇ ਤਾਂ ਰਿਸ਼ਤਿਆਂ ਨੂੰ ਸਮਰਪਿਤ ਇੱਕ ਦਿਨ ਦੇ ਸਤਿਕਾਰ ਵਾਲ਼ੇ ਤਿਉਹਾਰ ਨਿਰਾ ਦਿਖਾਵਾ ਹੀ ਲੱਗਦੇ ਹਨ।



**ਬਰਜਿੰਦਰ ਕੌਰ ਬਿਸਰਾਓ...**
9988901324






# ਵਿਕਾਸ ਦੀ ਵਾਹ-ਵਾਹ

ਵਿਕਾਸ ਦੇ ਨਗਾੜੇ ਵੱਜਦੇ ਨੇ,
ਅਖ਼ਬਾਰਾਂ ਚੋਂ ਫੁੱਲ ਵਰ੍ਹਦੇ ਨੇ,
ਪਰ ਸਾਡੇ ਚੁੱਲ੍ਹੇ ਦੀ ਰਾਖ ਪੁੱਛਦੀ—
“ਰੋਟੀ ਦੇ ਦਿਨ ਕਿੱਥੇ ਮਰਦੇ ਨੇ?”

ਤਾਲੀ ਵਜਾ ਕੇ ਗੀਤ ਗਾਈਏ,
ਭੁੱਖ ਦੇ ਮੇਲੇ ਚ ਖੁਸ਼ੀ ਮਨਾਈਏ,
ਜਿਸ ਘਰ ਚ ਧੂੰਆਂ ਵੀ ਨਾ ਉੱਠਦਾ,
ਉਥੇ ਵਿਕਾਸ ਦੇ ਦੀਵੇ ਬਾਲੀਏ।

ਰਸੋਈ ਅੰਦਰ ਸੁੰਨ ਫੈਲਿਆ ਪਿਆਰੇ,
ਡੱਬੇ ਸਾਰੇ ਖਾਲੀ ਨੇ,
ਚੂਹੇ ਵੀ ਮੂੰਹ ਲਟਕਾ ਬੋਲੇ—
“ਇੱਥੇ ਤਾਂ ਹਾਲਤ ਜਾਅਲੀ ਨੇ!”

ਚਾਹ ਪੱਤੀ ਦੀ ਖੁਸ਼ਬੂ ਗੁੰਮ ਏ,
ਦਾਲ਼ ਹੋਈ ਹੁਣ ਸੁਪਨਾ ਏ,
ਪਿਆਜ਼ ਦੇ ਭਾਅ ਸੁਣ ਕੇ ਲੱਗਦਾ
ਜਿਵੇਂ ਸੋਨਾ ਤੋਲਣਾ ਆਪਣਾ ਏ।

ਸਿਲੈਂਡਰ ਵੇਖ ਹਾਸਾ ਆਇਆ,
ਭਾਅ ਸੁਣ ਕੇ ਦਿਲ ਰੋ ਪਿਆ,
ਚੁੱਲ੍ਹੇ ਵਿੱਚ ਪਾਥੀਆਂ ਸੜਦੀਆਂ,
ਧੂੰਏਂ ਨੇ ਅੰਬਰ ਛੋਹ ਲਿਆ।

ਪੰਪ ਤੇ ਜਾ ਕੇ ਤੇਲ ਪੁੱਛਿਆ,
ਮੀਟਰ ਹੱਸ ਕੇ ਕਹਿੰਦਾ ਸੀ—
“ਟੈਂਕੀ ਨਹੀਂ, ਜੇਬ ਭਰ ਲਿਆਓ,
ਫਿਰ ਸੁਪਨਾ ਪੂਰਾ ਹੁੰਦਾ ਜੀ।”

ਕੰਮ-ਧੰਦੇ ਸਾਰੇ ਸੁੱਕ ਗਏ,
ਮਜ਼ਦੂਰੀ ਵੀ ਅੱਧੀ ਹੋਈ,
ਸਵੇਰੇ ਉਮੀਦਾਂ ਲੈ ਨਿਕਲੇ,
ਸ਼ਾਮੀਂ ਖਾਲੀ ਝੋਲੀ ਹੋਈ।

ਕਰਜ਼ੇ ਵਾਲੇ ਦਰ ਤੇ ਆਏ,
ਚਿਹਰਿਆਂ ਉੱਤੇ ਕਾਨੂੰਨ ਲਿਖੇ,
ਪਤੀਲੇ, ਥਾਲੀਆਂ ਚੁੱਕ ਲੈ ਗਏ,
ਅਸੀਂ ਹੱਸਦੇ ਰਹੇ, ਪਰ ਅੰਦਰ ਦੰਦ ਪਿਸੇ।

ਘਰਵਾਲੀ ਨੇ ਬੱਚੇ ਚੁੱਕੇ,
ਅੱਖਾਂ ਚ ਹੰਝੂ, ਬੋਲਾਂ ਤੇ ਚੁੱਪ,
ਕਹਿੰਦੀ— “ਜਦ ਰੋਟੀ ਆ ਜਾਵੇ,
ਫਿਰ ਲੈ ਜਾਈਂ ਸਾਨੂੰ ਮੁੜ।”

ਬੱਚਾ ਪੁੱਛੇ ਰਾਤੀਂ ਉੱਠ ਕੇ—
“ਪਾਪਾ, ਵਿਕਾਸ ਕਿੱਥੇ ਰਹਿੰਦਾ?”
ਮੈਂ ਚੁੱਪ ਹੋ ਕੇ ਸੋਚਾਂ ਅੰਦਰ—
“ਸ਼ਾਇਦ ਟੀਵੀ ਉੱਤੇ ਹੀ ਬਹਿੰਦਾ।”




ਬਾਜ਼ਾਰਾਂ ਚ ਰੌਸ਼ਨੀਆਂ ਨੇ,
ਪਰ ਘਰ ਅੰਦਰ ਹਨੇਰਾ ਏ,
ਇੱਕ ਪਾਸੇ ਜਸ਼ਨ ਮਨਾਇਆ ਜਾਂਦਾ,
ਦੂਜੇ ਪਾਸੇ ਪਸਰਿਆ ਹਨੇਰਾ ਏ।

ਮਹਿੰਗਾਈ ਐਵੇਂ ਚੜ੍ਹ ਬੈਠੀ
ਜਿਵੇਂ ਰਾਜ ਸਿੰਘਾਸਨ ਤੇ,
ਲੋਕਤੰਤਰ ਦੀ ਰੋਟੀ ਸੜਦੀ
ਵੋਟਾਂ ਦੇ ਚੁੱਲ੍ਹਿਆਂ ਅੰਦਰ ਏ।

ਫਿਰ ਵੀ ਅਸੀਂ ਹੱਸ ਲੈਂਦੇ ਹਾਂ,
ਇਹ ਵੀ ਸਾਡੀ ਮਜਬੂਰੀ ਏ,
ਰੋਣਾ ਜੇ ਖੁੱਲ੍ਹ ਕੇ ਸ਼ੁਰੂ ਕਰੀਏ,
ਅੱਖਾਂ ਚੋਂ ਦਰਿਆ ਵਹਿ ਜਾਣੇ ਨੇ।

ਆਓ ਫਿਰ ਤਾਲੀ ਵਜਾਈਏ,
ਵਿਕਾਸ ਦੇ ਗੀਤ ਸੁਣਾਈਏ,
ਭੁੱਖ ਦੇ ਕੰਬਦੇ ਬੁੱਲ੍ਹਾਂ ਉੱਤੇ
ਨਕਲੀ ਹਾਸੇ ਦੀ ਲਾਲੀ ਲਾਈਏ।

ਕਿਉਂਕਿ ਇਸ ਦੇਸ਼ ਵਿੱਚ ਅਕਸਰ ਹੀ
ਸੱਚ ਨੂੰ ਚੁੱਪ ਕਰਾਇਆ ਜਾਂਦਾ ਏ,
ਅਤੇ ਕੰਗਾਲੀ ਦੇ ਰੋਣ ਉੱਤੇ
“ਵਿਕਾਸ” ਦਾ ਢੋਲ ਵਜਾਇਆ ਜਾਂਦਾ ਏ।

ਸਮਾਜ ਵੀਕਲੀ ਨਿਊਜ਼



**ਗੁਰਪ੍ਰੀਤ ਸਿੰਘ ਬਿਲਿੰਗ**
**ਮੋਬਾਇਲ: 75086-98066**

## ਕੁੱਕੜ ਰੰਗ-ਬਰੰਗੇ

ਨੀਲਿਆਂ, ਪੀਲ਼ਿਆਂ, ਚਿੱਟਿਆਂ
ਕਿਧਰੇ ਕੇਸਰੀਆਂ ਦੇ ਟੋਲੇ।
ਗੱਪਾਂ, ਲਾਰਿਆਂ-ਲੱਪਿਆਂ ਵਾ਼ਲੇ
ਫਾਟਕ ਸਭ ਨੇ ਖੋਲ੍ਹੇ।
ਭਾਂਤ ਭਾਂਤ ਦੇ ਭੰਡ
ਤੇ ਸਾਂਗਾ ਇੱਕੋ ਜਿਹੀਆਂ।
ਕੁੱਕੜ ਰੰਗ-ਬਰੰਗੇ
ਬਾਂਗਾ ਇੱਕੋ ਜਿਹੀਆਂ।

ਦਲ ਬਦਲੀ ਕਿਤੇ ਘਰੇ ਵਾਪਸੀ
ਚੱਲ ਰਹੇ ਨੇ ਨਾਟਕ।
ਨਵਿਆਂ ਦੇ ਨਾ਼ਲ ਜੱਫ਼ੀਆ
ਪਏ ਪੁਰਾਣਿਆਂ ਦੇ ਨਾ਼ਲ ਪਾਟਕ।
ਵੇਖਣ ਨੂੰ ਵੱਖ ਸਿਰੋਪੇ,
ਢਾਂਗਾ ਇੱਕੋ ਜਿਹੀਆਂ ।
ਕੁੱਕੜ ਰੰਗ-ਬਰੰਗੇ
ਬਾਂਗਾ ਇੱਕੋ ਜਿਹੀਆਂ।

ਭਗਤ ਵਿਚਾਰੇ ਟੈਂਟ ਬੰਨਣ
ਤੇ ਦਰੀਆਂ ਝਾੜਨ ਵਾ਼ਲੇ।
ਸਭ ਕੁੱਝ ਤੱਕ ਵੀ ਲਾਈ ਫਿਰਦੇ
ਮੂੰਹਾਂ ਉੱਤੇ ਤਾਲੇ।
ਪਰਦੇ ਵਿੱਚ ਪਰ ਮਾਰਨ
ਚਾਂਘਾ ਇੱਕੋ ਜਿਹੀਆਂ।
ਕੁੱਕੜ ਰੰਗ-ਬਰੰਗੇ
ਬਾਂਗਾ ਇੱਕੋ ਜਿਹੀਆਂ।

ਪਿੰਡ ਘੜਾਮੇਂ ਵਾਲ਼ਿਆ ਬਹੁਤੇ
ਲੋਕ ਵੀ ਕਿਹੜਾ ਘੱਟ।
ਰੋਮੀਆਂ ਲੋਭ ਲਾਲਚਾਂ ਪਿੱਛੇ
ਬਦਲ ਜਾਣ ਜੋ ਝੱਟ।
ਫਿਰ ਹੱਕ ਮੰਗਣ 'ਤੇ ਖਾਵਣ
ਡਾਂਗਾ ਇੱਕੋ ਜਿਹੀਆਂ।
ਕੁੱਕੜ ਰੰਗ-ਬਰੰਗੇ
ਬਾਂਗਾ ਇੱਕੋ ਜਿਹੀਆਂ।

ਸਮਾਜ ਵੀਕਲੀ ਨਿਊਜ਼

**ਰੋਮੀ ਘੜਾਮਾਂ।**
**7717380107**



## ਹਾਏ ਗਰਮੀ

ਮੁੜਕੋ-ਮੁੜਕੀ ਹੋ ਗਈ ਬੀਬਾ, ਆਖੇ ਕਹਿਰ ਦੀ ਗਰਮੀ ਆ
ਦਿਲ ਵਿੱਚ ਭਾਵੇਂ ਪੂਰਾ ਗੁੱਸਾ, ਮੁੱਖ ’ਤੇ ਫਿਰ ਵੀ ਨਰਮੀ ਆ


ਕਰਦੀ ਓਦਾਂ ਸਤਿਕਾਰ ਬਥੇਰਾ, ਰੋਟੀ-ਟੁੱਕ ਬਣਾ ਦਿੰਦੀ ਆ
ਬਾਲਣ ਦੇ ਨਾਲ ਚੁੱਲ੍ਹੇ ਉੱਤੇ, ਮੈਨੂੰ ਚਾਹ ਬਣਾ ਦਿੰਦੀ ਆ
ਸੀਤਾ ਮਾਈਆਂ ਜੀ ਦੇ ਵਾਂਗੂੰ, ਓਦਾਂ ਤਾਂ ਪੱਕੀ ਧਰਮੀ ਆ
ਦਿਲ ਵਿੱਚ ਭਾਵੇਂ ਪੂਰਾ ਗੁੱਸਾ, ਮੁੱਖ ’ਤੇ ਪੂਰੀ ਨਰਮੀ ਆ

ਪਰੇਸ਼ਾਨ ਨਹੀਂ ਕਰਦੀ ਬਾਲਾ, ਜਿਵੇਂ ਆਖਾਂ ਮੰਨ ਲੈਂਦੀ ਆ
ਮੂੰਹ ’ਤੇ ਰੱਖ ਕੇ ਝੂਠੀ ਹਾਸੀ, ਅੰਦਰ ਭਾਂਡੇ ਭੰਨ ਲੈਂਦੀ ਆ
ਪਤੀ ਦੇਵ ਪਰਮੇਸ਼ਰ ਮੰਨੇ, ਬੜੀ ਵਿਚਾਰੀ ਭਰਮੀ ਆ
ਦਿਲ ਵਿੱਚ ਭਾਵੇਂ ਪੂਰਾ ਗੁੱਸਾ, ਮੁੱਖ ’ਤੇ ਪੂਰੀ ਨਰਮੀ ਆ

ਸੁਖ-ਸ਼ਾਂਤੀ ਬਣੀ ਹੋਈ ਆ, ਖੁਸ਼ੀ-ਖੁਸ਼ੀ ਦਿਨ ਕੱਟਦੇ ਆਂ
ਘਾਟ-ਵਾਧ ਜੇ ਹੋ ਜਾਏ ਕਿਧਰੇ, ਫਿਰ ਵੀ ਖੁੱਲ੍ਹ ਕੇ ਹੱਸਦੇ ਆਂ
ਗੁਰਮੀਤ ਡੁਮਾਣੇ ਵਾਲਿਆ, ਮੈਨੂੰ ਤਾਂ ਮਿਲੀ ਕਰਮੀਂ ਆ
ਦਿਲ ਵਿੱਚ ਭਾਵੇਂ ਪੂਰਾ ਗੁੱਸਾ, ਮੁੱਖ ’ਤੇ ਫਿਰ ਵੀ ਨਰਮੀ ਆ

ਸਮਾਜ ਵੀਕਲੀ ਨਿਊਜ਼

**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**
***76528 16074**



# (ਬੰਦਾ ਰੱਜਦਾ ਨ੍ਹੀਂ, ਰੱਬ ਦਿੰਦਾ ਥੱਕਦਾ ਨਹੀਂ)

ਤੂੰ ਦਾਤਾ ਦਾਤਾਰ, ਤੇਰਾ ਦਿਤਾ ਖਾਵਣਾ। ਬੰਦਾ ਭਾਵੇਂ ਜੋੜੀਂ ਜਾਂਦਾ, ਨਾਲ ਨ੍ਹੀਂ ਕੁਝ ਲਿਜਾਵਣਾ। ਬੰਦਾ ਜੋੜੇ ਪਲੀ ਪਲੀ, ਰਾਮ ਰੁੜਾਵੇ ਕੁਪਾ। ਰੱਬ ਦੀਆਂ ਰਹਿਮਤਾਂ ਬਿਨਾ,ਹਰ ਕੋਈ ਰਹਿੰਦਾ ਰੁਠਾ। ਚਾਰੇ ਪਾਸੇ ਆਲਮ ਉਸਦਾ, ਰੰਗ ਪੂਰੀ ਧਰਤ ਉੱਤੇ ਖਿਲਾਰਦਾ। ਮਨੁੱਖ ਹੀ ਨਿਰਮੋਹਾ ਕੁਦਰਤ ਦੀਆਂ ਬਖਸ਼ਿਸ਼ਾਂ ਨੂੰ ਨੀਂ ਨਿਹਾਰਦਾ। "ਅੱਗ ਲੈਣ ਆਈ, ਘਰ ਵਾਲੀ ਬਣ ਬੈਠੀ"ਦੀ ਅਖੌਤ ਅਨੁਸਾਰ ਬੰਦੇ ਨੂੰ ਜਨਮ ਦਿੱਤਾ,ਧਰਤੀ ਉੱਤੇ ਰੌਣਕ ਲਾਉਣ ਲਈ। ਲਾਲਚੀ ਬੰਦੇ ਨੇ ਕਾਰੋਬਾਰ ਸ਼ੁਰੂ ਕੀਤੇ, ਲੋਕਾਂ ਦੀਆਂ ਜ਼ਮੀਨਾਂ ਹਥਿਆਉਣ ਲਈ।

ਡਿਕਟੇਟਰ ਵੀ ਬਣੇ ਹਿਟਲਰ, ਮੁਸੋਲਿਨੀ ਵਰਗੇ ਦੁਨੀਆਂ ਉੱਤੇ ਅਪਣੀ ਧਾਂਕ ਜਮਾਉਣ ਲਈ। ਲੱਖਾਂ ਨਿਰਦੇਸ਼ਾਂ ਦੇ ਕਾਤਲ, ਅਪਣਾ ਲੋਹਾ ਮਨਵਾਉਣ ਲਈ।






ਰਾਜਨੀਤਿਕ ਬੰਦੇ ਅਜਿਹੀਆਂ ਸਕੀਮਾਂ ਬਣਾਉਂਦੇ,ਬੁੱਧੀਮਾਨਾਂ ਨੂੰ ਵੀ ਮਾਤ ਨੇ ਪਾਉਂਦੇ। ਆਉਣ ਵਾਲੇ ਸਮੇਂ ਵਿੱਚ ਵੀ,ਸਾਡਾ ਰਾਜ ਰਹੇਗਾ।ਰਹਿੰਦੀ ਦੁਨੀਆਂ ਤੱਕ ਜਿੰਦਾ ਬਾਦ ਚੱਲੇਗਾ। ਬੰਦੇ ਦੀਆਂ ਖੁਦਗਰਜੀਆਂ ਕਰਕੇ, ਰੋਜ ਦਿਹਾੜੇ ਖੁਦਕਸ਼ੀਆਂ ਹੁੰਦੀਆਂ। ਮਮੂਲੀ ਗੱਲਾਂ ਤੇ ਕਤਲੋਗਾਰਤ ਦੀਆਂ ਸਕੀਮਾਂ ਬਣਦੀਆਂ ਰਹਿੰਦੀਆਂ। ਕੋਈ ਨਾ ਕਿਸੇ ਦਾ ਬੇਲੀ, ਦੁਨੀਆਂ ਮਤਲਬ ਦੀ। ਮੁਸੀਬਤਾਂ ਖੜ੍ਹੀਆਂ ਹੁੰਦੀਆਂ ਆਮ ਪਬਲਿਕ ਲਈ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ**
**ਫੋਨ ਨੰਬਰ : 9878469639**






Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**